# ਖ਼ਾਲਸਾ ਕ੍ਰੈਡਿਟ ਯੂਨੀਅਨ ਦੀ ਕਰਾਊਨ ਪੈਲੇਸ ਬੈਂਕੁਇਟ ਹਾਲ ਸਰੀ ਬੀ.ਸੀ. ਵਿਚ 12 ਮਈ 2024 ਨੂੰ ਹੋਈ 38ਵੀਂ ਸਾਲਾਨਾ ਜਨਰਲ ਮੀਟਿੰਗ ਦਾ ਸੰਖੇਪ ਵੇਰਵਾ।

1. ਸ਼੍ਰੀਮਤੀ ਗੁਰਮਿੰਦਰ ਕੌਰ ਮਲਿਕ ਨੇ ਮੈਂਬਰਾਂ ਨੂੰ ਦੱਸਿਆ ਕਿ ਬੋਰਡ ਦੇ ਚੈਅਰਮੈਨ ਸ: ਜਗਪਾਲ ਸਿੰਘ ਸੰਧੂ ਆਪਣੀ ਬਿਮਾਰੀ ਕਾਰਨ ਮੀਟਿੰਗ ਵਿਚ ਸ਼ਾਮਲ ਨਹੀਂ ਹੋ ਸਕੇ ਅਤੇ ਬੋਰਡ ਦੀ ਉਪ-ਚੇਅਰ ਹੋਣ ਦੇ ਨਾਤੇ ਮੈਂ ਸਾਲਾਨਾ ਜਨਰਲ ਮੀਟਿੰਗ ਦੀ ਪ੍ਰਧਾਨਗੀ ਕਰਾਂਗੀ।

2. ਸ਼੍ਰੀਮਤੀ ਗੁਰਮਿੰਦਰ ਕੌਰ ਮਲਿਕ ਨੇ 206 ਮੈਂਬਰਾਂ ਦਾ ਕੋਰਮ ਪੂਰਾ ਹੋਣ ਤੇ ਦੁਪਹਿਰੇ 1.05 ਵਜ਼ੇ ਮੀਟਿੰਗ ਬੁਲਾਈ।

3. ਅਰਦਾਸ ਭਾਈ ਨਗੀਨਾ ਸਿੰਘ ਰੰਗੀ ਜੀ ਨੇ ਕੀਤੀ।

4. ਸ਼੍ਰੀਮਤੀ ਗੁਰਮਿੰਦਰ ਕੌਰ ਮਲਿਕ ਨੇ ਸ: ਗੁਰਦੀਪ ਸਿੰਘ ਨੂੰ ਜ਼ਮੀਨ ਦੀ ਹਕੀਕੀ ਪ੍ਰਵਾਨਗੀ ਲਈ ਬੇਨਤੀ ਕੀਤੀ। ਸ: ਗੁਰਦੀਪ ਸਿੰਘ ਨੇ ਸਾਰੇ ਆਏ ਮੈਂਬਰਾਂ ਦਾ ਸਵਾਗਤ ਕੀਤਾ ਅਤੇ ਫ਼ਸਟ ਨੇਸ਼ਨ ਲੋਕਾਂ ਦਾ ਜ਼ਮੀਨ ਲਈ ਧੰਨਵਾਦ ਕੀਤਾ।

5. ਸ਼੍ਰੀਮਤੀ ਗੁਰਮਿੰਦਰ ਕੌਰ ਮਲਿਕ ਨੇ ਗੁਜ਼ਰ ਚੁੱਕੇ ਹੇਠ ਲਿਖੇ ਫ਼ਾਊਂਡਿੰਗ ਮੈਂਬਰਾਂ ਦੇ ਸਨਮਾਨ ਵਿਚ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਦੀ ਗੂੰਜ ਵਿਚ ਐਲਾਨ ਕੀਤਾ। .
   i. ਸ: ਰਿਪੁਦਮਨ ਸਿੰਘ ਮਲਿਕ
   ii. ਸ: ਹਰਦਿਆਲ ਸਿੰਘ ਜੌਹਲ
   iii. ਸ: ਉਜਾਗਰ ਸਿੰਘ ਸੋਹੀ
   iv. ਸ: ਸਰਜੀਤ ਸਿੰਘ ਗਿੱਲ
   v. ਸ: ਵਜ਼ੀਰ ਸਿੰਘ ਕਾਹਲੋਂ
   vi. ਸ: ਹਰਭਜਨ ਸਿੰਘ ਮਨਿਹਾਸ
   vii. ਸ: ਸੋਹਨ ਸਿੰਘ ਖੰਗੂਰਾ
   viii. ਸ: ਫੇਰਾ ਸਿੰਘ
   ix. ਸ: ਤਰਲੋਚਨ ਸਿੰਘ ਪਰਹਾਰ
   x. ਸ: ਮਲਕੀਤ ਸਿੰਘ ਮਨਿਹਾਸ
   xi. ਸ: ਸੁਖਦੇਵ ਸਿੰਘ ਸੰਘਾ

6. ਸ਼੍ਰੀਮਤੀ ਗੁਰਮਿੰਦਰ ਕੌਰ ਮਲਿਕ ਹੇਠ ਲਿਖੇ ਐਲਾਨ ਕੀਤੇ:
   i. ਸ: ਗੁਰਦੀਪ ਸਿੰਘ ਰਿਕਾਰਡਿੰਗ ਸੈਕਟਰੀ
   ii. ਮਿਸ ਐਂਜਲਾ ਸਪੈਂਸਰ ਪਾਰਟਰ, ਬੀ.ਡੀ.ਓ. ਕੈਨੇਡਾ ਐੱਲ.ਐੱਲ.ਪੀ ਸਕਰੂਟਨੀਅਰ
   iii. ਸ: ਸੁਖਬਿੰਦਰ ਸਿੰਘ ਨੁਨੜਾ ਪਾਰਲੀਮੈਂਟੇਰੀਅਨ ਅਤੇ ਕਾਨੂੰਨੀ ਕੌਂਸਲ

7. ਏਜੰਡਾ ਪ੍ਰਵਾਨ ਕੀਤਾ ਗਿਆ।

   ***ਪੇਸ਼ ਕਰਤਾ ਸ: ਜਰਨੈਲ ਸਿੰਘ ਰਾਏ ਤਾਈਦ ਸ: ਗੁਰਦੀਪ ਸਿੰਘ ਰੰਗੀ ਪਾਸ ਹੋਇਆ***

8. ਸ਼੍ਰੀਮਤੀ ਗੁਰਮਿੰਦਰ ਕੌਰ ਮਲਿਕ ਨੇ ਬੋਰਡ ਦੇ ਡਾਇਰੈਕਟਰਾਂ ਦੀ ਜਾਣ ਪਹਿਚਾਣ ਕਰਵਾਈ ਅਤੇ ਦੱਸਿਆ ਕਿ ਸ: ਜਗਪਾਲ ਸਿੰਘ ਸੰਧੂ ਅਤੇ ਪਰਵਕਾਰ ਸਿੰਘ ਦੁਲੈ ਅੱਜ ਦੀ ਮੀਟਿੰਗ ਵਿਚ ਸ਼ਾਮਲ ਹੋਣ ਤੋਂ ਅਸਮਰਥ ਹਨ।

9. 7 ਮਈ 2023 ਨੂੰ ਹੋਈ 37ਵੀਂ ਸਾਲਾਨਾ ਜਨਰਲ ਮੀਟਿੰਗ ਦੀ ਕਾਰਵਾਈ ਸ: ਗੁਰਦੀਪ ਸਿੰਘ ਵੱਲੋਂ ਪੇਸ਼ ਕੀਤੀ ਗਈ ਜੋ ਪ੍ਰਵਾਨ ਹੋਈ।

   ***ਪੇਸ਼ ਕਰਤਾ ਸ: ਅਵਤਾਰ ਸਿੰਘ ਢਿੱਲੋਂ ਤਾਈਦ ਸ: ਜਰਨੈਲ ਸਿੰਘ ਰਾਏ ਪਾਸ ਹੋਈ***

ਕਾਰਵਾਈ ਵਿਚੋਂ ਪੈਦਾ ਹੋਣ ਵਾਲਾ ਕਾਰੋਬਾਰ

ਕੁਝ ਨਹੀਂ

## ਬੋਰਡ ਦੇ ਚੇਅਰਪਰਸਨ ਅਤੇ ਮੁੱਖ ਕਾਰਜਕਾਰੀ ਅਧਿਕਾਰੀ ਦੀ ਰਿਪੋਰਟ

ਸ਼੍ਰੀਮਤੀ ਗੁਰਮਿੰਦਰ ਕੌਰ ਮਲਿਕ ਨੇ ਦੱਸਿਆ ਕਿ ਬੋਰਡ ਦੇ ਚੇਅਰਪਰਸਨ ਅਤੇ ਮੁੱਖ ਕਾਰਜਕਾਰੀ ਅਧਿਕਾਰੀ ਨੇ ਇਹ ਇਕੱਠੀ ਰਿਪੋਰਟ ਤਿਆਰ ਕੀਤੀ ਹੈ।

ਸ: ਹਰਦੀਪ ਸਿੰਘ ਬੈਂਸ ਨੇ ਮੀਟਿੰਗ ਵਿਚ ਹਾਜ਼ਰ ਹੋਣ ਲਈ ਮੈਂਬਰਾਂ ਦਾ ਸਵਾਗਤ ਕੀਤਾ। ਉਨ੍ਹਾਂ ਨੇ ਬੀ.ਸੀ.ਐੱਫ਼.ਐੱਸ.ਏ. ਦੇ ਮਿਸਟਰ ਕੇਂਟਾ ਹੇਟਾਮੋਚੀ ਰੈਗੂਲੇਟਰੀ ਪਾਰਟਨਰ ਦਾ ਵੀ ਸਵਾਗਤ ਕੀਤਾ। ਸ: ਬੈਂਸ ਨੇ ਬੈਂਕਿੰਗ ਦੇ ਚਾਰ ਵੱਖ ਵੱਖ ਪਹਿਲੂਆਂ ਨੂੰ ਪੇਸ਼ ਕੀਤਾ:

a. ਵਿੱਤੀ ਨਤੀਜੇ
b. ਖਾਲਸਾ ਕ੍ਰੈਡਿਟ ਯੂਨੀਅਨ ਦੇ ਮੈਂਬਰਾਂ ਦੇ ਸਰਵੇ ਬਾਰੇ ਜਾਣਕਾਰੀ
c. ਖਾਲਸਾ ਕ੍ਰੈਡਿਟ ਯੂਨੀਅਨ ਦੇ ਭਾਈਚਾਰੇ ਦੀਆਂ ਵਿਸ਼ੇਸ਼ਤਾਈਆਂ
d. 2024 ਦੇ ਟੀਚੇ ਅਤੇ ਪਰਾਥਮਿਕਤਾਵਾਂ

ਸ਼: ਬੈਂਸ ਨੇ ਸਲਾਈਡਾਂ ਵਿਖਾਈਆਂ ਅਤੇ ਦੱਸਿਆ ਕਿ ਵਿਚਾਰ ਅਧੀਨ 2023 ਦਾ ਸਾਲ ਵੀ 2022 ਵਾਂਗ ਚੁਨੌਤੀਆਂ ਅਤੇ ਮੋਕਿਆਂ ਭਰਿਆ ਸੀ। ਉਨ੍ਹਾਂ ਹੋਰ ਦੱਸਿਆ ਕਿ 2023 ਦੀਆਂ ਗਰਮੀਆਂ ਤੋਂ ਬਾਅਦ ਵਿਆਜ ਦੀਆਂ ਦਰਾਂ ਵਿਚ ਵਾਧਾ ਸਥਿਰ ਹੋ ਗਿਆ।

ਉਨ੍ਹਾਂ ਨੇ ਦੱਸਿਆ ਕਿ ਖਾਲਸਾ ਕ੍ਰੈਡਿਟ ਯੂਨੀਅਨ ਨੇ ਆਪਣੇ ਮੈਂਬਰਾਂ ਨੂੰ 2023 ਦੇ ਸਾਲ ਲਈ 7% ਡਿਵੀਡੈਂਟ ਦਿਤਾ ਜੋ ਇੱਕ ਰਿਕਾਰਡ ਹੈ। ਖਾਲਸਾ ਕ੍ਰੈਡਿਟ ਯੂਨੀਅਨ ਦੀ ਆਪਣੀ ਸੰਪਤੀ ਵਿਚ 65 ਮਿਲੀਅਨ ਦਾ ਵਾਧਾ ਹੋਇਆ ਜਿਸ ਦਾ ਮਤਲਬ ਹੈ ਕਿ 2023 ਵਿਚ ਸੰਪਤੀ ਵਿਚ 9.35% ਵਾਧਾ ਹੋਇਆ।

ਅਸੀਂ ਜਮ੍ਹਾਂ ਕਰਨ ਵਾਲੇ ਮੁਕਾਬਲੇ ਦੇ ਵਾਤਾਵਰਨ ਵਿਚ ਮੌਜੂਦਾ ਅਤੇ ਨਵੇਂ ਕਾਰੋਬਾਰਾਂ ਨਾਲ ਬਿਹਤਰ ਸਬੰਧਾਂ ਕਾਰਨ ਨਵੇਂ ਕਾਰੋਬਾਰ ਜਿੱਤਣ ਵਿਚ ਸਫ਼ਲ ਹੋਏ। ਕਰਜ਼ਾ ਦੇਣ ਵਿਚ 4.25% ਯਾਨੀ ਕਿ 24 ਮਿਲੀਅਨ ਦਾ ਵਾਧਾ ਪਰਾਪਤ ਹੋਇਆ ਹਾਲਾਂਕਿ ਇਹ ਦਰ ਯੋਗਤਾ ਕਾਰਨ ਸੀਮਤ ਸੀ ਖਾਸਕਰ ਮੋਰਟਗੇਜ ਲਈ। ਪਿਛਲੇ ਸਾਲਾਂ ਵਾਂਗ ਮੈਂਬਰਸ਼ਿਪ ਵਿਚ ਵਾਧਾ 4.11% ਹੀ ਰਿਹਾ। ਉਨ੍ਹਾਂ ਦੱਸਿਆ ਕਿ ਟੈਕਸਾਂ ਤੋਂ ਪਹਿਲਾਂ ਕੁੱਲ ਵਾਧਾ 9.2 ਮਿਲੀਅਨ ਸੀ ਜੋ ਸ਼ੁਰੂਆਤਿ ਤੋਂ ਸਭ ਤੋਂ ਵੱਧ ਸੀ। ਸੂਦ ਦੀ ਦਰ ਆਹਿਸਤਾ ਆਹਿਸਤਾ ਘੱਟ ਹੋਣ ਕਾਰਨ ਸ਼ੁੱਧ ਆਮਦਨ 2024, 2025/2026 ਵਿਚ ਸਥਿਰ ਹੋਣ ਜਾ ਰਹੀ ਹੈ। ਤੁਸੀਂ  ਆਉਣ ਵਾਲੇ ਸਾਲਾਂ ਵਿਚ ਸਾਡੀ ਆਮਦਨ ਤੇ ਹੋਣ ਵਾਲੇ ਅਸਰ ਨੂੰ ਦੇਖ ਸਕੋਗੇ।

## ਮੈਂਬਰਾਂ ਬਾਰੇ 2023 ਸਰਵੇ ਦੀ ਜਾਣਕਾਰੀ

ਸ: ਬੈਂਸ ਨੇ ਦੱਸਿਆ ਕਿ ਸਾਡੇ ਰੋਜ਼ਾਨਾ ਦੇ ਲੈਣ ਦੇਣ ਅਤੇ ਮੈਂਬਰਾਂ ਨਾਲ ਪਰਸਪਰ ਮੇਲ ਜੋਲ ਵਿਚ ਵਾਧਾ ਸਾਡੀਆਂ ਬ੍ਰਾਂਚਾਂ ਦੀਆਂ ਟੀਮਾਂ ਦੇ ਅਣਥੱਕ ਯਤਨਾਂ ਦਾ ਪ੍ਰਮਾਣ ਹੈ। ਉਨ੍ਹਾਂ ਨੇ ਹੋਰ ਦੱਸਿਆ ਕਿ ਖਾਤਾ ਖੋਲ੍ਹਣ ਦਾ ਤਰੀਕਾ ਡਿਜੀਟਲ ਕਰ ਦਿੱਤਾ ਹੈ ਜਿਸ ਨਾਲ ਘੱਟ ਕਾਗਜ਼ੀ ਕਾਰਵਾਈ ਦੀ ਲੋੜ ਹੁੰਦੀ ਹੈ। ਸਾਡੇ ਮੈਂਬਰ ਖੁਸ਼ ਹਨ ਕਿ ਖਾਤਾ ਖੋਲ੍ਹਣ ਲਈ ਘੱਟ ਕਾਗਜ਼ੀ ਕਾਰਵਾਈ ਕਰਨੀ ਪੈਂਦੀ ਹੈ। ਉਨ੍ਹਾਂ ਦੱਸਿਆ ਕਿ ਜਦੋਂ ਮੈਂਬਰ ਖਾਤਾ ਖੋਲ੍ਹਦਾ ਹੈ ਤਾਂ ਉਨ੍ਹਾਂ ਨੂੰ ਇੱਕ ਸਰਵੇ ਕਰਨ ਲਈ ਕਿਹਾ ਜਾਂਦਾ ਹੈ ਅਤੇ ਉਸ ਸਰਵੇ ਦੇ ਨਤੀਜੇ ਬਾਅਦ ਵਿਚ ਪ੍ਰਗਟ ਕੀਤੇ ਜਾਂਦੇ ਹਨ।

## ਉੱਤਮ ਵਫ਼ਾਦਾਰੀ ਦੇ ਚਾਲਕ

ਸ: ਬੈਂਸ ਨੇ ਉਦਿਯੋਗ ਨੈਟਵਰਕ ਦੀਆਂ ਹੋਰ ਸੰਸਥਾਵਾਂ ਦੇ ਮੁਕਾਬਲੇ ਸਰਵੇ ਦੇ ਨਤੀਜੇ ਪੇਸ਼ ਕੀਤੇ। ਉਨ੍ਹਾਂ ਇਹ ਵੀ ਦੱਸਿਆ ਕਿ ਮੋਬਾਈਲ ਅਤੇ ਆਨਲਾਈਨ ਪਲੇਟਫ਼ਾਰਮ ਮੈਂਬਰਾਂ ਦੀਆਂ ਜ਼ਿਆਦਾਤਰ ਜ਼ਰੂਰਤਾਂ ਪੂਰੀਆਂ ਕਰਦੇ ਹਨ। ਅਸੀਂ ਤਕਨੀਕੀ ਤੌਰ ਤੇ ਮੁਕਾਬਲਾ ਕਰ ਰਹੇ ਹਾਂ।
ਸ: ਬੈਂਸ ਨੇ ਭਾਈਚਾਰੇ ਵਿਚ ਆਪਣੀਆਂ ਟੀਮਾਂ ਵੱਲੋਂ ਕੀਤੇ ਜਾ ਰਹੇ ਕੰਮਾਂ ਜਿਵੇਂ ਕਿ ਪੇੜ ਪੌਦੇ ਲਗਾਉਣੇ ਅਤੇ ਗਲੀਆਂ ਨੂੰ ਗੋਦ ਲੈਣਾ ਬਾਰੇ ਵੀ ਚਾਨਣਾ ਪਾਇਆ।
ਬ੍ਰਾਂਚ ਦੇ ਨਵੀਨੀਕਰਨ ਬਾਰੇ ਵੀ ਮੈਂਬਰਾਂ ਨੂੰ ਨਵੀਨਤਮ ਜਾਣਕਾਰੀ ਦਿੱਤੀ।

## 2024 ਵਿਚ ਧਿਆਨਯੋਗ ਖੇਤਰ

ਸ: ਬੈਂਸ ਨੇ ਕਿਹਾ ਕਿ ਸਾਡੇ ਕਾਰੋਬਾਰ ਵਿਚ ਡਿਜੀਟਾਏਜ਼ੇਸ਼ਨ ਜਾਰੀ ਰਹੇਗੀ ਅਤੇ 2024 ਵਿਚ ਅਸੀਂ ਆਪਣੇ ਏ.ਐੱਸ.ਏ.ਪੀ.ਪੀ. ਦੇ ਨਵੇਂ ਪਲੇਟਫ਼ਾਰਮ ਤੇ ਹੋਰ ਉਤਪਾਦਾਂ ਨੂੰ ਸ਼ਾਮਲ ਕਰਾਂਗੇ। ਉਨ੍ਹਾਂ ਨੇ ਹੋਰ ਕਿਹਾ ਕਿ ਅਸੀਂ ਇਸ ਪਲੇਟਫ਼ਾਰਮ ਤੇ ਕਰਜ਼ੇ ਬਾਰੇ ਫੈਸਲੇ ਕਰਨ ਦੀ ਪ੍ਰਕਿਰਆ ਸ਼ੁਰੂ ਕਰਨ ਦੀ ਪੂਰੀ ਕੋਸ਼ਿਸ਼ ਕਰਾਂਗੇ ਪਰ ਪੂਰੀ ਤਰ੍ਹਾਂ ਲਾਗੂ ਹੋਣ ਲਈ 2025 ਦੀਆਂ ਇੱਕ ਜਾਂ ਦੋ ਤਿਮਾਹੀਆਂ ਲੱਗ ਸਕਦੀਆਂ ਹਨ। ਥੋੜ੍ਹੇ ਸਮੇਂ ਵਿਚ ਐਪਲ ਪੇ ਵੀ ਉਪਲਬਧ ਹੋ ਜਾਏਗਾ। ਜਿਹੜੇ ਮੈਂਬਰਾਂ ਨੂੰ ਇਸ ਸੇਵਾ ਦੀ ਲੋੜ ਹੋਵੇ ਉਨ੍ਹਾਂ ਨੂੰ ਈਮੇਲ ਰਾਹੀਂ ਟ੍ਰਾਂਸਫ਼ਰ ਕਰਨ ਲਈ ਉੱਚੀ ਸੀਮਾਂ ਉਪਲਬਧ ਹੋਵੇਗੀ। ਉਨ੍ਹਾਂ ਦੱਸਿਆ ਕਿ ਭਵਿੱਖ ਵਿਚ ਅਸੀਂ ਕਾਲ ਸੈਂਟਰ ਸ਼ੁਰੂ ਕਰਨ ਦੇ ਖੋਜ ਪੜਾਅ ਵਿਚ ਹਾਂ।

ਸ: ਬੈਂਸ ਨੇ ਸਲਾਈਡ ਪੇਸ਼ ਕਰਕੇ ਇਹ ਭੁਲੇਖਾ ਦੂਰ ਕੀਤਾ ਕਿ ਅਸੀਂ ਕਿਸ ਕਿਸਮ ਦੀ ਮੈਂਬਰਸ਼ਿਪ ਵਿਚ ਸ਼ਾਮਲ ਹੋ ਰਹੇ ਹਾਂ, ਅੱਗੇ ਵਧਣ ਸਮੇਂ ਸਾਡਾ ਟੀਚਾ/ਉਦੇਸ਼ ਕੀ ਹੈ। ਸਲਾਈਡ ਵਿਚ ਵੱਖ ਵੱਖ ਉਮਰ ਸਮੂਹ ਜਿਵੇਂ ਕਿ ਕਾਰੋਬਾਰੀ ਮੈਂਬਰਸ਼ਿਪ ਅਤੇ ਵੱਖ ਵੱਖ ਉਮਰ ਦੇ ਗਰੁੱਪ ਵਿਖਾਏ ਗਏ।
ਸ: ਬੈਂਸ ਨੇ ਸਲਾਈਡਾਂ ਰਾਹੀਂ 2000 ਤੋਂ 2023 ਤੱਕ ਸੰਪਤੀ ਵਿਚ ਹੋਏ ਵਾਧੇ ਦੇ ਨਤੀਜੇ ਪੇਸ਼ ਕੀਤੇ। ਉਨ੍ਹਾਂ ਨੇ ਦੱਸਿਆ ਕਿ ਅਸੀਂ $97 ਮਿਲੀਅਨ ਤੋਂ ਵਧ ਕੇ $745 ਮਿਲੀਅਨ ਹੋਏ ਹਾਂ ਜਿਸ ਤੋਂ ਪਤਾ ਚਲਦਾ ਹੈ ਕਿ ਅਸੀਂ ਤੇਜ਼ੀ ਨਾਲ ਅਗੇ ਵਧ ਰਹੇ ਹਾਂ। ਸਾਡਾ ਨਿਸ਼ਾਨਾ $1 ਬਿਲੀਅਨ ਦੀ ਸੰਪਤੀ ਪ੍ਰਾਪਤ ਕਰਨ ਦਾ ਹੈ। ਕ੍ਰੈਡਿਟ ਯੂਨੀਅਨ ਦਾ ਆਕਾਰ ਮਾਇਨੇ ਰੱਖਦਾ ਹੈ ਅਤੇ ਸਾਨੂੰ ਵਧਣ ਦੀ ਲੋੜ ਹੈ। ਇਸ ਸਮੇਂ ਸਾਡੇ ਕੋਲ 100 ਵਿਚੋਂ 31 ਕ੍ਰੈਡਿਟ ਯੀਨੀਅਨਾਂ ਹਨ। ਆਪਣੀ ਸੰਪਤੀ ਵਧਾਉਣ ਲਈ ਸਾਨੂੰ ਮੁਕਾਬਲਾ ਕਰਨ ਦੀ ਲੋੜ ਹੈ। ਅਸੀਂ ਸਿੱਖ ਭਾਈਚਾਰੇ ਦੀ ਸੇਵਾ ਕਰਦੇ ਹਾਂ, ਸਾਡੇ ਕੋਲ ਕਦਰਾਂ ਕੀਮਤਾਂ ਹਨ। ਸਾਡੀ ਮੈਂਬਰਸ਼ਿਪ ਨੇ ਸਾਡੇ ਨਾਲ ਵਧਣਾ ਹੈ। ਉਨ੍ਹਾਂ ਕਿਹਾ ਕਿ ਜੇ ਤੁਹਾਡਾ ਕਾਰੋਬਾਰ ਕਿਸੇ ਹੋਰ ਵਿੱਤੀ ਸੰਸਥਾ ਨਾਲ ਹੈ ਤਾਂ ਸਾਡੇ ਨਾਲ ਗਲ ਕਰੋ। ਅਸੀਂ ਉਨ੍ਹਾਂ ਨਾਲ ਕੰਮ ਕਰਾਂਗੇ। ਸਾਡੀ ਚੁਣੌਤੀ $1 ਬਿਲੀਅਨ ਦੀ ਹੈ। ਜੇ ਇਹ 2026 ਵਿਚ ਪੂਰੀ ਹੋ ਜਾਏ ਤਾਂ ਚੰਗਾ ਹੋਵੇਗਾ। ਸਾਡੇ ਸਾਰਿਆਂ ਦੀ ਪ੍ਰਗਤੀ ਲਈ ਇਹ ਵੱਡੀ ਚੁਣੌਤੀ ਹੈ।

ਉਨ੍ਹਾਂ ਨੇ ਸਭ ਦਾ ਧੰਨਵਾਦ ਕੀਤਾ।

ਸ਼੍ਰੀਮਤੀ ਗੁਰਮਿੰਦਰ ਕੌਰ ਨੇ ਮੈਂਬਰਾਂ ਲਈ ਸ: ਬੈਂਸ ਦੀ ਅੰਗਰੇਜ਼ੀ ਰਿਪੋਰਟ ਨੂੰ ਪੰਜਾਬੀ ਵਿਚ ਪੜ੍ਹ ਕੇ ਸੁਣਾਇਆ। ਉਨ੍ਹਾਂ ਨੇ ਮੈਂਬਰਾਂ ਨੂੰ ਬੇਨਤੀ ਕੀਤੀ ਕਿ ਖਾਸਲਾ ਕ੍ਰੈਡਿਟ ਯੂਨੀਅਨ ਨੂੰ ਇਸ ਮੁਕਾਬਲੇ ਦੀ ਮਾਰਕੀਟ ਵਿਚ ਪਰਫੁਲਤ ਹੋਣ ਲਈ ਜ਼ਿਆਦਾ ਕਾਰੋਬਾਰ ਅਤੇ ਮੈਂਬਰਸ਼ਿੱਪ ਵਧਾ ਕੇ ਕ੍ਰੈਡਿਟ ਦਾ ਸਮਰਥਨ ਕਰਨ।

ਸ਼੍ਰੀਮਤੀ ਗੁਰਮਿੰਦਰ ਕੌਰ ਨੇ ਏ.ਜੀ.ਐੱਮ. ਲਈ ਸਟੈਂਡਿੰਗ ਰੂਲਜ਼ ਅਤੇ ਆਰਡਰ ਪੜ੍ਹੇ।

## ਪੈਦਾ ਹੋਏ ਮਸਲੇ

1. ਸ: ਜਸਬੀਰ ਸਿੰਘ ਬਨਵੈਤ – ਹਰਬੰਸ ਸਿੰਘ ਕੰਦੋਲਾ ਬਾਰੇ ਗਲ ਕੀਤੀ ਜੋ ਖਾਲਸਾ ਕ੍ਰੈਡਿਟ ਯੂਨੀਅਨ ਨੂੰ ਛਡ ਕੇ ਵੈਨ ਸਿਟੀ ਵਿਚ ਸ਼ਾਮਲ ਹੋ ਗਿਆ ਅਤੇ ਉਥੋਂ 10 ਸਾਲ ਦੀ ਸਰਵਿਸ ਤੋਂ ਬਾਅਦ 2005 ਵਿਚ ਸੇਵਾ ਮੁਕਤ ਹੋਇਆ। ਉਸ ਸਮੇਂ ਵੈਨ ਸਿਟੀ ਦੀ ਇੱਕ ਬ੍ਰਾਂਚ ਦੀ ਸੰਪਤੀ $780 ਮਿਲੀਅਨ ਸੀ ਅਤੇ ਖਾਲਸਾ ਕ੍ਰੈਡਿਟ ਯੂਨੀਅਨ ਦੀ ਸੰਪਤੀ 33/34 ਸਾਲਾਂ ਬਾਅਦ ਸਿਰਫ $745 ਮਿਲੀਅਨ। ਸਾਡੇ ਭਾਈਚਾਰੇ ਵਿਚ ਡਿਵੈਲਪਰਾਂ ਕੋਲ ਕਾਫੀ ਪੈਸਾ ਹੈ। ਮੇਰੇ 11 ਕਾਰੋਬਾਰ ਹਨ ਜਿਨ੍ਹਾਂ ਦੇ ਸਾਰੇ ਖਾਤੇ ਅਤੇ ਵੱਡੇ ਪਰਵਾਰ ਦੇ ਖਾਤੇ

ਖਾਲਸਾ ਕ੍ਰੈਡਿਟ ਯੂਨੀਅਨ ਵਿਚ ਹਨ ਅਤੇ ਜਦੋਂ ਸਾਨੂੰ ਕਰਜ਼ਾ ਚਾਹੀਦਾ ਹੁੰਦਾ ਹੈ ਤਾਂ ਸਾਨੂੰ ਕਿਸੇ ਹੋਰ ਵਿੱਤੀ ਸੰਸਥਾ ਕੋਲ ਜਾਣਾ ਪੈਂਦਾ ਹੈ ਇਹ ਬੜਾ ਵੱਡਾ ਸਵਾਲ ਹੈ।
ਸ਼੍ਰੀਮਤੀ ਗੁਰਮਿੰਦਰ ਕੌਰ ਨੇ ਜਵਾਬ ਦਿੱਤਾ ਕਿ ਇਹ ਸਵਾਲ ਨਹੀਂ ਬਲਕਿ ਇੱਕ ਟਿੱਪਣੀ ਹੈ ਅਸੀਂ ਖਾਲਸਾ ਕ੍ਰੈਡਿਟ ਯੂਨੀਅਨ ਵਿਚ ਹਰ ਇੱਕ ਦੇ ਯੋਗਦਾਨ ਨੂੰ ਸਵੀਕਾਰ ਕਰਦੇ ਹਾਂ। ਅਸੀਂ ਇੱਥੇ ਜਾਤੀ ਮਸਲੇ ਨਹੀਂ ਵਿਚਾਰ ਸਕਦੇ ਅਤੇ ਅਸੀਂ ਮੈਂਬਰਾਂ ਨੂੰ ਖਾਲਸਾ ਕ੍ਰੈਡਿਟ ਯੂਨੀਅਨ ਦਾ ਪਲੈਨ ਪੇਸ਼ ਕੀਤਾ ਹੈ।

2. ਗਿਆਨੀ ਦਰਬਾਰਾ ਸਿੰਘ – ਪਰਮਾਤਮਾ ਦੀ ਮਿਹਰ ਨਾਲ ਅਸੀਂ ਖਾਲਸਾ ਕ੍ਰੈਡਿਟ ਯੂਨੀਅਨ ਦੀ ਪਹਿਲੀ ਬ੍ਰਾਂਚ 1986 ਵਿਚ ਕਾਇਮ ਕੀਤੀ ਸੀ। ਖਾਲਸਾ ਕ੍ਰੈਡਿਟ ਯੂਨੀਅਨ ਨੂੰ ਸ਼ੁਰੂ ਕਰਨ ਦਾ ਮੰਤਵ ਸਿੱਖੀ ਨੂੰ ਪਰਫੁਲਤ ਹੁੰਦੀ ਦੇਖਣਾ ਸੀ ਪਰ ਇਹ ਮੰਤਵ ਅੱਜ ਕਲ ਨਜ਼ਰ ਨਹੀਂ ਆਉਂਦਾ। ਸਾਡੇ ਡਾਇਰੈਕਟਰ ਅੰਮ੍ਰਿਤਧਾਰੀ ਹੋਣੇ ਚਾਹੀਦੇ ਹਨ ਜੋ ਰਹਿਤ ਵਿਚ ਪਰਪੱਕ ਹੋਣ। ਇਸ ਵਾਰ ਕਿਓਂ ਕੁੱਝ ਡਾਇਰੈਕਟਰਾਂ ਦੇ ਨਾਮ ਵੋਟ ਲਈ ਤਜਵੀਜ਼ ਕੀਤੇ ਗਏ? ਇਸ ਕਿਸਮ ਦੀ ਪ੍ਰਣਾਲੀ ਖਾਲਸਾ ਕ੍ਰੈਡਿਟ ਯੂਨੀਅਨ ਵਿਚ ਸ਼ੁਰੂ ਨਹੀਂ ਕੀਤੀ ਜਾਣੀ ਚਾਹੀਦੀ।
ਸ਼੍ਰੀਮਤੀ ਗੁਰਮਿੰਦਰ ਕੌਰ ਨੇ ਕਿਹਾ ਕਿ ਇਹ ਇੱਕ ਬੇਨਤੀ ਹੈ ਸਵਾਲ ਨਹੀਂ ਮੈਂਬਰਾਂ ਨੂੰ ਬੇਨਤੀ ਹੈ ਕਿ ਪੇਸ਼ ਕੀਤੀ ਰਿਪੋਰਟ ਬਾਰੇ ਸਵਾਲ ਪੁੱਛਣ।

3. ਸ: ਹਰਦੀਪ ਸਿੰਘ ਮਲਿਕ – ਸੰਪਤੀ ਵਿਚ ਹੋਏ ਵਾਧੇ ਲਈ ਬੋਰਡ ਅਤੇ ਮੁੱਖ ਕਾਰਜਕਾਰੀ ਅਧਿਕਾਰੀ ਨੂੰ ਵਧਾਈ ਦਿੱਤੀ। ਚੋਣਾਂ ਦੇ ਦੌਰਾਨ ਭਾਈਚਾਰੇ ਵਿਚ ਗਲਤ ਜਾਣਕਾਰੀ ਫੈਲਾਈ ਗਈ ਅਤੇ ਮੈਨੂੰ ਖੁਸ਼ੀ ਹੈ ਕਿ ਹੁਣ ਮੈਂਬਰਾਂ ਨਾਲ ਸਹੀ ਜਾਣਕਾਰੀ ਸਾਂਝੀ ਕੀਤੀ ਗਈ ਹੈ।
ਸ਼੍ਰੀਮਤੀ ਗੁਰਮਿੰਦਰ ਕੌਰ ਨੇ ਟਿੱਪਣੀ ਲਈ ਹਰਦੀਪ ਸਿੰਘ ਦਾ ਧੰਨਵਾਦ ਕੀਤਾ।

4. ਸ: ਮਨਮੋਹਨ ਸਿੰਘ ਸਮਰਾ – ਉਨ੍ਹਾਂ ਨੇ ਮੈਂਬਰਸ਼ਿਪ ਸਰਵੇ ਬਾਰੇ ਸੁਆਲ ਕੀਤਾ ਅਤੇ ਕਿਹਾ ਕਿ ਸਰਵੇ ਸਿੱਧਾ ਮੁੱਖ ਦਫ਼ਤਰ ਵਿਚ ਜਾਣਾ ਚਾਹੀਦਾ ਹੈ ਅਤੇ ਉੱਥੇ ਹੀ ਇਸ ਦਾ ਨਿਪਟਾਰਾ ਹੋਣਾ ਚਾਹੀਦਾ ਹੈ। ਪਰ ਮੁੱਖ ਦਫ਼ਤਰ ਵੱਲੋਂ ਬ੍ਰਾਂਚ ਮੈਨੇਜਰ ਨੂੰ ਪੁਛਿਆ ਗਿਆ ਕਿ ਇੱਕ ਮੈਂਬਰ ਨੇ ਸਰਵੇ ਦੇ ਸੁਆਲ ਤੇ 10 ਵਿਚੋਂ 2 ਨੰਬਰ ਦਿੱਤੇ ਹਨ ਅਤੇ ਬ੍ਰਾਂਚ ਮੈਨੇਜਰ ਵੱਲੋਂ ਮੈਂਬਰ ਨੂੰ ਬੁਲਾਅ ਕੇ ਪੁਛਿਆ ਗਿਆ ਕਿ ਉਸ ਨੇ 2 ਨੰਬਰ ਕਿਉਂ ਦਿੱਤੇ ਹਨ। ਇਸ ਹਾਲਤ ਵਿਚ ਮੈਂਬਰ ਨੇ ਤਾਂ ਲਗਾਤਾਰ ਬ੍ਰਾਂਚ ਮੈਨੇਜਰ ਨਾਲ ਵਰਤਣਾ ਹੁੰਦਾ ਹੈ ਅਤੇ ਉਹ ਭਵਿੱਖ ਵਿਚ ਸਹੀ ਜੁਆਬ ਕਿਉਂ ਦੇਵੇਗਾ। ਸਾਨੂੰ ਲੋਕਾਂ ਦੀ ਗੋਪਨੀਯਤਾ ਦਾ ਧਿਆਨ ਰੱਖਣਾ ਚਾਹੀਦਾ ਹੈ।

   ਮੁੱਖ ਕਾਰਜਕਾਰੀ ਅਧਿਕਾਰੀ ਨੇ ਸ: ਸਮਰਾ ਦਾ ਧੰਨਵਾਦ ਕੀਤਾ ਅਤੇ ਜੁਆਬ ਦਿੱਤਾ ਕਿ ਜੇ ਕਿਸੇ ਮੈਂਬਰ ਨੂੰ ਸ਼ਿਕਾਇਤ ਹੋਵੇ ਤਾਂ ਉਸ ਨੂੰ ਸਿੱਧੇ ਮੁੱਖ ਦਫ਼ਤਰ ਵਿਚ ਆ ਕੇ ਸਾਡੇ ਨਾਲ ਗਲ ਕਰਨੀ ਚਾਹੀਦੀ ਹੈ ਅਤੇ ਅਸੀਂ ਉਸ ਦੀ ਮਦਦ ਕਰਾਂਗੇ।

5. ਸ: ਮਨਜੀਤ ਸਿੰਘ ਮਨਹਾਸ – ਮੈਂ ਖਾਲਸਾ ਕ੍ਰੈਡਿਟ ਯੂਨੀਅਨ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਦਾ ਹਾਂ। 22000 ਮੈਂਬਰਾਂ ਵਿਚੋਂ ਸਿਰਫ਼ 206 ਮੈਂਬਰ ਸਾਲਾਨਾ ਜਨਰਲ ਮੀਟਿੰਗ ਵਿਚ ਹਾਜ਼ਰ ਹਨ ਅਤੇ ਸਿਰਫ਼ 13% ਵੋਟਾਂ ਹੀ ਪਈਆਂ। ਨਾਮੀਨੇਟਿੰਗ ਕਮੇਟੀ ਦੀ ਕਾਰਗੁਜ਼ਾਰੀ ਤੋਂ ਸੰਤੁਸ਼ਟ ਨਹੀਂ। ਸਾਨੂੰ ਕਿਹਾ ਗਿਆ ਸੀ ਕਿ ਸਾਡਾ ਇੰਟਰਵਿਊ ਲਿਆ ਜਾਏਗਾ। ਮੈਨੂੰ ਸੁਆਲ ਪੁੱਛਿਆ ਗਿਆ ਕਿ ਡਾਇਰੈਕਟਰ ਨੂੰ ਕੀ ਤਨਖਾਹ ਮਿਲਣੀ ਚਾਹੀਦੀ ਹੈ ਅਤੇ ਮੈਂ ਜੁਆਬ ਦਿੱਤਾ '0'। ਜੇ ਉਨ੍ਹਾਂ ਨੂੰ ਕੁੱਝ ਮਿਲਦਾ ਹੈ ਤਾਂ ਸਾਨੂੰ ਦੱਸਣਾ ਚਾਹੀਦਾ ਹੈ, ਇਹ ਸੁਆਲ ਮੈਨੂੰ ਕਿਉਂ ਪੁੱਛਿਆ ਜਾ ਰਿਹਾ ਹੈ। ਇਹ ਸੁਆਲ ਜਗਪਾਲ ਸਿੰਘ ਸੰਧੂ ਵਲੋਂ ਸੀ।
   ਦੂਜੀ ਗਲ ਤੁਸੀਂ $100,000 ਚੋਣ ਤੇ ਖਰਚ ਕੀਤੇ। ਨਾਮੀਨੇਟਿੰਗ ਕਮੇਟੀ ਨੇ ਸਾਨੂੰ ਤਾਂ ਗੁਰਦੁਆਰੇ ਵਿਚ ਸਹੁੰ ਚੁੱਕਣ ਲਈ ਬੁਲਾਇਆ, ਪਰ ਨਾਮੀਨੇਟਿੰਗ ਕਮੇਟੀ ਦੀ ਕਾਰਗੁਜ਼ਾਰੀ ਕੀ ਸੀ ਜਦੋਂ ਡਾਇਰੈਕਟਰ ਦੀ ਨਿਯੁਕਤੀ ਲਈ ਵੋਟਾਂ ਵਾਸਤੇ 4 ਉਮੀਦਵਾਰਾਂ ਦੀ ਸਿਫ਼ਾਰਸ਼ ਕੀਤੀ। ਮੁੱਖ ਕਾਰਜਕਾਰੀ ਅਧਿਕਾਰੀ ਇਸ ਬਾਰੇ ਦੱਸੇ ਅਤੇ ਚੋਣਾਂ ਦੀ ਕੋਈ ਜ਼ਰੂਰਤ ਨਹੀਂ ਕਿਉਂਕਿ ਸੰਸਥਾ ਦਾ ਮੁੱਖੀ ਹੀ ਸਭ ਕੁੱਝ ਕਰ ਰਿਹਾ ਹੈ ਅਤੇ ਤੁਹਾਡੀ ਨਾਮੀਨੇਟਿੰਗ ਕਮੇਟੀ ਦੀਆਂ ਸਿਫ਼ਾਰਸ਼ਾਂ ਵਿਰੁੱਧ ਮੇਰੇ ਵੱਲੋਂ ਕੀਤੇ ਗਏ ਸਵਾਲਾਂ ਦਾ ਕਿਸੇ ਨੇ ਜਵਾਬ ਨਹੀਂ ਦਿੱਤਾ ਕਿ ਐਸਾ ਕਿਉਂ ਹੋ ਰਿਹਾ ਹੈ। ਇਸ ਤਰੀਕੇ ਮੈਂ ਨਹੀਂ ਸਮਝਦਾ ਕਿ ਤੁਸੀਂ $1 ਬਿਲੀਅਨ ਦਾ ਟੀਚਾ ਪ੍ਰਾਪਤ ਕਰ ਸਕੋਗੇ।

ਸ਼੍ਰੀਮਤੀ ਗੁਰਮਿੰਦਰ ਕੌਰ ਨੇ 2 ਮਿੰਟ ਦੀ ਸਮਾਂ ਸੀਮਾਂ ਵਲ ਧਿਆਨ ਦੁਵਾਇਆ ਅਤੇ ਫਿਰ ਕਿਹਾ ਕਿ ਮੁੱਖ ਕਾਰਜਕਾਰੀ ਅਧਿਕਾਰੀ ਅਤੇ ਚੇਅਰਪਰਸਨ ਦੀ ਰਿਪੋਰਟ ਬਾਰੇ ਹੀ ਸਵਾਲ ਪੁੱਛੇ ਜਾਣ।

6. ਸ: ਜਸਵਿੰਦਰ ਸਿੰਘ ਬਦੇਸ਼ਾ – ਮੁੱਖ ਕਾਰਜਕਾਰੀ ਅਧਿਕਾਰੀ ਨੂੰ ਰਿਪੋਰਟ ਵਿਚ ਦੱਸੇ ਵਿਕਾਸ ਬਾਰੇ ਪੁੱਛਿਆ। ਕੀ ਇਹ $745 ਮਿਲੀਅਨ ਦਾ ਵਿਕਾਸ ਖਾਸਲਾ ਕ੍ਰੈਡਿਟ ਯੂਨੀਅਨ ਦੇ ਸ਼ੁਰੂ ਹੋਣ ਤੋਂ ਹੈ, ਮੇਰੀ ਖਿਆਲ ਵਿਚ ਇਹ ਬਹੁਤ ਅੱਛਾ ਹੈ।
   ਦੂਜਾ ਸਵਾਲ – 6 ਬ੍ਰਾਂਚਾਂ ਵਿਚ ਇੱਕ ਸਾਲ ਵਿਚ 800 ਮੈਂਬਰਸ਼ਿਪ ਦਾ ਵਾਧਾ ਕੀ ਇਹ ਬਹੁਤ ਅੱਛਾ ਹੈ? ਔਸਤਨ ਹਰ ਬ੍ਰਾਂਚ ਵਿਚ ਹਰ ਰੋਜ਼ ਕਿੰਨੇ ਮੈਂਬਰ ਆਉਂਦੇ ਹਨ? ਸਾਡੀ ਮੈਂਬਰਸ਼ਿਪ ਕਿਉਂ ਨਹੀਂ ਵਧ ਰਹੀ? ਤੁਹਾਡੇ ਕੋਲ ਮੁਫ਼ਤ ਚੈਕਿੰਗ ਖਾਤਾ ਹੈ ਤੁਸੀਂ ਇਸ ਦੀ ਕਿਵੇਂ ਮਸ਼ਹੂਰੀ ਕਰਦੇ ਹੋ? ਕੋਸਟ ਕੈਪੀਟਲ ਮੁਫ਼ਤ ਚੈਕਿੰਗ ਖਾਤੇ ਕਾਰਨ ਸਫ਼ਲ ਹੋਇਆ ਅਤੇ ਲੋਕਾਂ ਨੇ ਉਨ੍ਹਾਂ ਕੋਲ ਖਾਤੇ ਖੋਲ੍ਹੇ। ਜਦੋਂ ਕੋਈ ਖਾਸਲਾ ਕ੍ਰੈਡਿਟ ਯੂਨੀਅਨ ਕੋਲ ਆਉਂਦਾ ਹੈ ਤਾਂ ਉਹ ਹੋਰ ਉਤਪਾਦਾਂ ਦੀ ਭਾਲ ਕਰਦਾ ਹੈ। ਸਾਨੂੰ ਆਪਣੀ ਇਸ਼ਤਿਹਾਰਬਾਜ਼ੀ ਬਾਰੇ ਦੱਸੋ।

   ਸ਼੍ਰੀਮਤੀ ਗੁਰਮਿੰਦਰ ਕੌਰ ਨੇ ਸ: ਬਦੇਸ਼ਾ ਦਾ ਧੰਨਵਾਦ ਕੀਤਾ ਅਤੇ ਰਿਪੋਰਟ ਬਾਰੇ ਸਵਾਲਾਂ ਦੀ ਪ੍ਰਸ਼ੰਸਾ ਕੀਤੀ ਅਤੇ ਮੁੱਖ ਕਾਰਜਕਾਰੀ ਅਧਿਕਾਰੀ ਨੂੰ ਸਵਾਲਾਂ ਦੇ ਜਵਾਬ ਦੇਣ ਲਈ ਕਿਹਾ।

   ਸ: ਹਰਦੀਪ ਸਿੰਘ ਨੇ ਸ. ਬਦੇਸ਼ਾ ਦਾ ਧੰਨਵਾਦ ਕੀਤਾ ਅਤੇ ਜਵਾਬ ਦਿੱਤਾ ਕਿ ਕਿ ਉਹ ਪਿਛਲੇ ਸਾਲਾਂ ਦੀ ਪ੍ਰਗਤੀ ਬਾਰੇ ਕੁੱਝ ਨਹੀਂ ਕਹਿ ਸਕਦੇ ਅਤੇ ਦੱਸਿਆ ਕਿ ਪਿਛਲੇ 5 ਸਾਲਾਂ ਵਿਚ ਅਸੀਂ ਅਸੀਂ ਚੰਗੀ ਪ੍ਰਗਤੀ ਕੀਤੀ ਹੈ। ਹਰ ਸਾਲ ਅਸੀਂ ਬੋਰਡ ਨਾਲ ਬੈਠ ਕੇ ਸਾਲ ਲਈ ਯਥਾਰਥਕ ਟੀਚੇ ਨਿਸ਼ਚਿਤ ਕਰਦੇ ਹਾਂ। ਬੋਰਡ ਜੋ ਵੀ ਮੁੱਖ ਕਾਰਜਕਾਰੀ ਅਧਿਕਾਰੀ ਅਤੇ ਪ੍ਰਬੰਧਕਾਂ ਨੂੰ ਕਹਿੰਦਾ ਹੈ ਅਸੀਂ ਉਸ ਦੀ ਪਾਲਣਾ ਕਰਦੇ ਹਾਂ। ਇਹ ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਮੈਂਬਰਸ਼ਿੱਪ ਵਧਣ ਨਾਲ ਸੰਪਤੀ ਨਹੀਂ ਵਧਦੀ। ਇਹ ਇੱਕ ਉਮੀਦ ਹੈ ਕਿ ਸੰਪਤੀ ਵਧੇ ਜੋ ਨਹੀਂ ਵਧ ਰਹੀ। ਅਸੀਂ ਇਸ ਤਰ੍ਹਾਂ ਕੰਮ ਕਰਦੇ ਹਾਂ ਕਿ ਮੌਜੂਦਾ ਮੈਂਬਰ ਕੋਲੋਂ ਜੇ ਇੱਕ ਹੋਰ ਡਾਲਰ ਮਿਲ ਜਾਏ, ਕੀ ਅਸੀਂ ਹੋਰ ਕਰਜ਼ਾ ਲੈ ਸਕਦੇ ਹਾਂ ਸਾਡੀ ਸ਼ਕਤੀ ਇਸ ਪਾਸੇ ਲੱਗਦੀ ਹੈ। ਅਸੀਂ ਆਪਣੀ ਸ਼ਕਤੀ ਹੋਰ ਮੈਂਬਰ ਇਕੱਠੇ ਕਰਨ ਵਿਚ ਨਹੀਂ ਖਰਚ ਕਰਨਾ ਚਾਹੁੰਦੇ ਜਿਨ੍ਹਾਂ ਦੀ ਅਸੀਂ ਸੇਵਾ ਨਹੀਂ ਕਰ ਸਕਦੇ। ਸਾਡੀ ਸ਼ਕਤੀ ਇਸ ਪਾਸੇ ਲੱਗਦੀ ਹੈ ਕਿ ਕਿ ਇੱਕ ਮੈਂਬਰ ਕੋਲ ਇੱਕ ਉਤਪਾਦ ਹੈ ਅਤੇ ਅਸੀਂ ਉਸ ਨੂੰ ਹੋਰ ਕੀ ਦੇ ਸਕਦੇ ਹਾਂ। ਸਾਡੇ ਲਈ ਇਹ ਜ਼ਿਆਦਾ ਮਹੱਤਵਪੂਰਨ ਹੈ 30000 ਹੋਰ ਮੈਂਬਰ ਇਕੱਠੇ ਕਰਨ ਦਾ ਕੋਈ ਫ਼ਾਇਦਾ ਨਹੀਂ ਜੇ ਸਾਡੀ ਪੂੰਜੀ ਨਹੀਂ ਵਧਦੀ। ਇਸ ਲਈ ਇਹ ਬੜਾ ਜ਼ਰੂਰੀ ਹੈ ਕਿ ਅਸੀਂ ਦੋਹਾਂ ਨੂੰ ਬੈਲੰਸ ਕਰ ਕੇ ਰੱਖੀਏ। ਸਾਨੂੰ ਮੈਂਬਰਸ਼ਿੱਪ ਵੀ ਅਤੇ ਸੰਪਤੀ ਵਧਾਉਣ ਦੀ ਵੀ ਲੋੜ ਹੈ।
   ਸ: ਬੈਂਸ ਨੇ ਖਾਸਲਾ ਕ੍ਰੈਡਿਟ ਯੂਨੀਅਨ ਦੇ ਕ੍ਰੈਡਿਟ ਕਾਰਡ ਦੀ ਆਮਦਨ ਦੀ ਮਿਸਾਲ ਦਿੱਤੀ ਜੋ 2019 ਵਿਚ ਬਹੁਤ ਘੱਟ ਸੀ ਜੋ ਕੁੱਝ ਹਜ਼ਾਰ ਡਾਲਰ ਸੀ। ਪਿਛਲੇ 5 ਸਾਲਾਂ ਵਿਚ ਲੱਖਾਂ ਡਾਲਰ ਹੋ ਗਈ ਹੈ, ਅਸੀਂ ਸਿਰਫ਼ ਮੈਂਬਰ ਨੂੰ ਕ੍ਰੈਡਿਟ ਕਾਰਡ ਦੇ ਦਿੰਦੇ ਹਾਂ ਜਿਸ ਦੀ ਉਹ ਵਰਤੋਂ ਕਰਦਾ ਹੈ ਸਾਡੇ ਕੋਲ ਹੋਰ ਕੋਈ ਤਰੀਕਾ ਨਹੀਂ। ਪਿਛਲੇ 3 ਸਾਲਾਂ ਵਿਚ ਅਸੀਂ ਕਈ ਲੱਖ ਕ੍ਰੈਡਿਟ ਕਾਰਡ ਬਣਾ ਚੁਕੇ ਹਾਂ ਅਤੇ ਇਸ ਵਿਚ ਹੋਰ ਵਾਧੇ ਦੀ ਸੰਭਾਵਨਾ ਹੈ। ਅਸੀਂ ਪਿਛਲੇ ਸਾਲਾਂ ਦੇ ਤਜਰਬੇ ਦੇ ਅਧਾਰ ਤੇ ਜ਼ਰੂਰਤ ਅਨੁਸਾਰ ਹੋਰ ਮੈਂਬਰ ਬਣਾਵਾਂਗੇ ਪਰ ਅਸੀਂ ਮੌਜੂਦਾ ਮੈਂਬਰਾਂ ਨਾਲ ਆਪਣਾ ਕਾਰੋਬਾਰ ਵਧਾਉਣਾ ਚਾਹੁੰਦੇ ਹਾਂ। ਸਾਨੂੰ ਹਰ ਇੱਕ ਦੇ ਪਿੱਛੇ ਨਾ ਭਜਾਓ। ਇਹ ਜ਼ਿਆਦਾ ਮਹੱਤਵਪੂਰਨ ਹੈ ਕਿ ਹਰ ਇੱਕ ਦਾ ਕੁੱਝ ਨਾ ਕੁੱਝ ਖਾਤਾ ਚਲ ਰਿਹਾ ਹੈ, ਕਿਸੇ ਦਾ ਕਰਜ਼ ਹੈ, ਕਿਸੇ ਦਾ ਆਰ.ਆਰ. ਐੱਸ.ਪੀ. ਹੈ, ਪਰ ਉਨ੍ਹਾਂ ਕੋਲ ਹੋਰ ਉਤਪਾਦ ਨਹੀਂ। ਇਸ ਲਈ ਇਹ ਸਾਡਾ ਫ਼ਰਜ਼ ਹੈ ਕਿ ਅਸੀਂ ਉਨ੍ਹਾਂ ਕੋਲ ਪਹੁੰਚ ਕਰ ਕੇ ਹੋਰ ਕਾਰੋਬਾਰ ਪਰਾਪਤ ਕਰੀਏ। ਉਨ੍ਹਾਂ ਨੇ ਸਵਾਲ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਸ: ਬਦੇਸ਼ਾ ਪਿਛਲੇ 5 ਸਾਲਾਂ ਦੀ ਪ੍ਰਗਤੀ ਬਾਰੇ ਵੀ ਬੋਲ ਸਕਦੇ ਹਨ।

7. ਸ: ਕੰਵਲਜੀਤ ਸਿੰਘ ਕੋਛੜ – ਉਨ੍ਹਾਂ ਨੇ ਗੁਰਬਾਣੀ ਦੇ ਹਵਾਲੇ ਨਾਲ ਕਿਹਾ ਕਿ ਖਾਣਾ ਬਣਾਉਣਾ ਬਹੁਤ ਔਖਾ ਹੈ ਅਤੇ ਖਾਣ ਦਾ ਅਨੰਦ ਲੈਣਾ ਸੌਖਾ ਹੈ ਅਤੇ ਕਿਸੇ ਸੰਸਥਾ ਨੂੰ ਚਲਾਉਣਾ ਸੌਖਾ ਕੰਮ ਨਹੀਂ। ਉਨ੍ਹਾਂ ਨੇ ਸਾਰੀ ਟੀਮ ਨੂੰ ਵਧਾਈ ਦਿੱਤੀ ਕਿ ਤੁਸੀਂ ਬਹੁਤ ਅੱਛਾ ਕੰਮ ਕਰ ਰਹੇ ਹੋ ਅਤੇ ਮੁੱਖ ਕਾਰਜਕਾਰੀ ਅਧਿਕਾਰੀ ਤਤਕਾਲ ਜਵਾਬ ਦੇ ਰਹੇ ਹਨ। ਮੈਂ ਕਈ ਕੰਪਨੀਆਂ ਦਾ ਮਾਲਕ ਹਾਂ ਅਤੇ ਖਾਸਲਾ ਕ੍ਰੈਡਿਟ ਯੂਨੀਅਨ ਨਾਲ 1996 ਤੋਂ ਕੰਮ ਕਰ ਰਿਹਾ ਹਾਂ ਅਤੇ ਇਸ ਸੰਸਥਾ ਬਾਰੇ ਜਿੰਨੀ ਸਿਫ਼ਤ ਕੀਤੀ ਜਾਏ ਥੋੜ੍ਹੀ ਹੈ।

ਸ: ਕੋਛੜ ਨੇ ਸਾਰੇ ਮੈਂਬਰਾਂ ਨੂੰ ਵਧਾਈ ਦਿੱਤੀ ਅਤੇ ਸਲਾਹ ਦਿੱਤੀ ਕਿ ਨਵੇਂ ਮੈਂਬਰ ਬਣਾਉਣ ਦੀ ਬਜਾਏ ਇਹ ਚੰਗਾ ਹੋਵੇਗਾ ਕਿ ਮੌਜੂਦਾ ਮੈਂਬਰਾਂ ਦੀ ਸੇਵਾ ਤੇ ਧਿਆਨ ਦਿੱਤਾ ਜਾਏ ਕਿਉਂਕਿ ਉਹ ਸਾਰੇ ਕਰੋੜਾਂਪਤੀ ਹਨ, ਇਸ ਤਰ੍ਹਾਂ ਕਰਨ ਦੇ ਨਤੀਜੇ ਵਧੀਆ ਹੋਣਗੇ ਅਤੇ 2026 ਤੱਕ ਅਸੀਂ $1ਬਿਲੀਅਨ ਦਾ ਟੀਚਾ ਪ੍ਰਾਪਤ ਕਰ ਸਕਾਂਗੇ।

8. ਸ: ਬਲਦੀਪ ਸਿੰਘ ਹੇਅਰ – ਜਿਵੇਂ ਦੱਸਿਆ ਗਿਆ ਹੈ ਕਿ ਖਾਸਲਾ ਕ੍ਰੈਡਿਟ ਯੂਨੀਅਨ ਕੋਲ 71 ਕਰਮਚਾਰੀ ਹਨ। ਇਨ੍ਹਾਂ ਵਿਚੋਂ ਕਿੰਨੇ ਕਰਜ਼ਾ ਮੈਨੇਜਰ ਹਨ ਅਤੇ ਹਰ ਇੱਕ ਬ੍ਰਾਂਚ ਵਿਚ ਕਿੰਨੇ ਹਨ?
   ਦੂਜਾ ਸਵਾਲ ਸਰਵੇ ਬਾਰੇ ਹੈ, ਸਾਰੇ ਮੈਂਬਰਾਂ ਵਿਚੋਂ ਕਿੰਨੇ % ਮੈਂਬਰ ਸਰਵੇ ਵਿਚ ਸ਼ਾਮਲ ਹੋਏ?

   ਸ: ਬੈਂਸ ਨੇ ਜਵਾਬ ਦਿੱਤਾ ਕਿ ਅਸੀਂ ਕਰਜ਼ਾ ਮੈਨੇਜਰਾਂ ਨੂੰ ਬ੍ਰਾਂਚਾਂ ਵਿਚੋਂ ਬਦਲ ਕੇ ਮੁੱਖ ਦਫ਼ਤਰ ਵਿਚ ਲੈ ਆਏ ਹਾਂ। ਕਰਜ਼ਾ ਲੈਣ ਵਾਲੇ ਆਪਣੀ ਲੋੜ ਲਈ ਮੈਂਬਰ ਬ੍ਰਾਂਚ ਮੈਨੇਜਰ ਅਤੇ ਸੀਨੀਅਰ ਸਲਾਹਕਾਰਾਂ ਨੂੰ ਮਿਲ ਸਕਦੇ ਹਨ। ਉਹ ਕਰਜ਼ੇ ਦੀ ਕਾਰਵਾਈ ਸ਼ੁਰੂ ਕਰਨਗੇ ਅਤੇ ਫੈਸਲਾ ਕਰਨ ਵਾਲੀ ਟੀਮ ਅੰਡਰਰਾਈਟ ਕਰੇਗੀ। ਕਰਜ਼ੇ ਦਾ ਤਰੀਕਾ ਬਦਲ ਗਿਆ ਹੈ। ਜੋ ਵਿਅਕਤੀ ਕਰਜ਼ਾ ਲੈ ਰਿਹਾ ਹੈ ਉਹ ਫੈਸਲਾ ਨਹੀਂ ਕਰ ਸਕਦਾ। ਰੈਗੁਲੇਟਰੀ ਬਾਡੀ ਦਾ ਕਹਿਣਾ ਹੈ ਕਿ ਦੋਹਾਂ ਜ਼ਿੰਮੇਵਾਰੀਆਂ ਨੂੰ ਵੱਖ ਵੱਖ ਕਰਨਾ ਚਾਹੀਦਾ ਹੈ। ਇਹ ਕ੍ਰੈਡਿਟ ਯੂਨੀਅਨਾਂ ਵਿਚ ਸਭ ਜਗ੍ਹਾ ਹੈ। ਫੈਸਲਾ ਕਰਨ ਵਾਲੀਆਂ ਟੀਮਾਂ ਅਤੇ ਕਰਜ਼ੇ ਦੀ ਸੁਰੂਆਦਿ ਕਰਨ ਵਾਲੀਆਂ ਟੀਮਾਂ ਵੱਖ ਵੱਖ ਹੋਣੀਆਂ ਚਾਹੀਦੀਆਂ ਹਨ। ਇਹ ਹੀ ਤਰੀਕਾ ਹੈ।

   ਸਰਵੇ ਦੀ % ਬਾਰੇ ਦੂਜੇ ਸਵਾਲ ਦੇ ਜਵਾਬ ਵਿਚ ਸ: ਬੈਂਸ ਨੇ ਦੱਸਿਆ ਕਿ 10000 ਵਿਚੋਂ 350 ਲੋਕਾਂ ਨੇ ਸਰਵੇ ਦਾ ਜਵਾਬ ਦਿੱਤਾ।

   ਸ਼੍ਰੀਮਤੀ ਗੁਰਮਿੰਦਰ ਕੌਰ ਨੇ ਦੱਸਿਆ ਕਿ ਬ੍ਰਾਂਚ ਵਿਚ ਜਦੋਂ ਕੋਈ ਲੈਣ ਦੇਣ ਹੁੰਦਾ ਹੈ ਤਾਂ ਮੈਂਬਰ ਨੂੰ ਸਹੀ ਸਰਵੇ ਕਰਨ ਲਈ ਕਿਹਾ ਜਾਂਦਾ ਹੈ। ਸਾਡੇ ਕੋਲ ਕੋਈ ਕੰਟਰੋਲ ਨਹੀਂ ਕਿ ਕੌਣ ਸਰਵੇ ਦਾ ਜਵਾਬ ਦਿੰਦਾ ਹੈ ਅਤੇ ਕੌਣ ਨਹੀਂ ਦਿੰਦਾ। ਇਹ ਸਾਲ ਵਿਚ ਇੱਕ ਵਾਰ ਨਹੀਂ ਕੀਤਾ ਜਾਂਦਾ ਜਿਸ ਨੂੰ ਜਦੋਂ ਸਮਾਂ ਮਿਲੇ ਉਹ ਜਵਾਬ ਦੇ ਸਕਦਾ ਹੈ। ਅਸੀਂ ਜ਼ਿਆਦਾ ਜਵਾਬਾਂ ਲਈ ਲੈਣ ਦੇਣ ਵਾਲਾ ਸਰਵੇ ਸ਼ੁਰੂ ਕਰ ਰਹੇ ਹਾਂ।

9. ਸ: ਗੁਰਚਰਨ ਸਿੰਘ ਮਨਿਹਾਸ – ਉਨ੍ਹਾਂ ਨੇ ਸੁਝਾ ਦਿੱਤਾ ਕਿ ਸਰਵੇ ਤੀਜੀ ਧਿਰ ਕੋਲੋਂ ਕਰਵਾਉਣਾ ਚਾਹੀਦਾ ਹੈ ਅਤੇ ਗੁਮਨਾਮ ਹੋਣਾ ਚਾਹੀਦਾ ਹੈ, ਨਹੀਂ ਤਾਂ ਕੋਈ ਵੀ ਸਰਵੇ ਵਿਚ ਸ਼ਾਮਲ ਨਹੀਂ ਹੋਵੇਗਾ।
   ਸ: ਗੁਰਚਰਨ ਸਿੰਘ ਮਨਿਹਾਸ ਨੇ ਪੁੱਛਿਆ ਕਿ ਕਿੰਨੇ ਵਪਾਰਕ ਕਰਜ਼ਾ ਅਧਿਕਾਰੀ ਨਾਮਜ਼ਦ ਹਨ। ਜੇ ਕੋਈ ਵਿਅਕਤੀ $5 ਮਿਲੀਅਨ ਦਾ ਕਰਜ਼ਾ ਮੰਗੇ ਤਾਂ ਕੀ ਸਾਡੇ ਕੋਲ ਕਰਜ਼ਾ ਦੇਣ ਲਈ ਇੰਨੇ ਡਾਲਰ ਹਨ?
   ਉਨ੍ਹਾਂ ਨੇ ਹੋਰ ਪੁੱਛਿਆ ਕਿ ਤੁਸੀਂ ਕਿਹਾ ਹੈ ਕਿ ਸਾਡੀ ਕ੍ਰੈਡਿਟ ਯੂਨੀਅਨ ਹੋਰ ਕ੍ਰੈਡਿਟ ਯੂਨੀਅਨਾਂ ਨਾਲੋਂ ਵਧੀਆ ਕਾਰੋਬਾਰ ਕਰ ਰਹੀ ਹੈ। ਵੱਡੀਆਂ ਯੂਨੀਅਨਾਂ ਨਾਲ ਤੁਲਨਾ ਕਰਨ ਦੀ ਬਜਾਏ ਕੀ ਤੁਹਾਡੇ ਕੋਲ ਆਪਣੇ ਬਰਾਬਰ ਦੀਆਂ ਯੂਨੀਅਨਾਂ ਦਾ ਤੁਲਾਨਤਮਿਕ ਡੇਟਾ ਹੈ? ਭਵਿੱਖ ਵਿਚ ਕਿਰਪਾ ਕਰ ਕੇ ਆਪਣੇ ਜਿਹੀਆਂ ਯੂਨੀਅਨਾਂ ਅਤੇ ਵੱਡੀਆਂ ਯੂਨੀਅਨਾਂ ਦਾ ਤੁਲਨਾਤਮਿਕ ਡੇਟਾ ਪੇਸ਼ ਕਰੋ।

   ਸ: ਬੈਂਸ ਨੇ ਜਵਾਬ ਦਿੱਤਾ ਕਿ ਮੇਰਾ ਭਾਵ ਛੋਟੀਆਂ ਕ੍ਰੈਡਿਟ ਯੂਨੀਅਨਾਂ ਨਾਲ ਤੁਲਨਾ ਕਰਨ ਦਾ ਨਹੀਂ ਸੀ। ਸਾਡੇ ਸਾਰਿਆਂ ਲਈ ਚੁਣੌਤੀਆਂ ਇੱਕੋ ਜਿਹੀਆਂ ਹਨ। ਮੇਰਾ ਮੁੱਖ ਉਦੇਸ਼ ਇਹ ਦਰਸਾਉਣਾ ਸੀ ਕਿ ਵੱਡੀਆਂ ਯੂਨੀਅਨਾਂ ਨੂੰ ਵੀ ਉਨ੍ਹਾਂ ਹੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜੋ ਛੋਟੀਆਂ ਯੂਨੀਅਨਾਂ ਨੂੰ ਕਰਨਾ ਪੈ ਰਿਹਾ ਹੈ।

   ਸ਼੍ਰੀਮਤੀ ਗੁਰਮਿੰਦਰ ਕੌਰ ਨੇ ਆਪਣੇ ਜਿਹੀਆਂ/ਜਿਡੀਆਂ ਯੂਨੀਅਨਾਂ ਨਾਲ ਤੁਲਨਾ ਪੇਸ਼ ਕਰਨ ਵਾਲੇ ਸੁਝਾ ਨੂੰ ਨੋਟ ਕੀਤਾ।

   ਸ: ਮਿਨਹਾਸ ਨੇ ਪੁੱਛਿਆ ਕਿ ਇਹ ਦੱਸਿਆ ਜਾਵੇ ਕਿ ਟੋਟਲ 22000 ਮੈਂਬਰਾਂ ਵਿਚੋਂ ਕਿੰਨੇ ਸਰਗਰਮ ਮੈਂਬਰ ਹਨ ਅਤੇ ਕਿੰਨੇ ਸੁਸਤ ਖਾਤਿਆਂ ਵਾਲੇ ਹਨ।

ਸ: ਅਮਨਪ੍ਰੀਤ ਚੁੱਘ ਨੇ ਪੁੱਛਿਆ ਕਿ ਕੀ ਕਿਸੇ ਵਿਅਕਤੀ ਦੇ 5 ਖਾਤੇ ਹਨ ਅਤੇ ਵਰਤੋਂ ਸਿਰਫ਼ ਇੱਕ ਦੀ ਹੀ ਕਰਦਾ ਹੈ।

10. ਸ: ਅਰਸ਼ਦੀਪ ਸਿੰਘ – ਮੇਰਾ ਸਵਾਲ ਹੈ ਕਿ ਅਗਲੇ 5 ਸਾਲਾਂ ਵਿਚ $1 ਬਿਲੀਅਨ ਡਾਲਰ ਦਾ ਨਿਸ਼ਾਨਾ ਪ੍ਰਾਪਤ ਕਰ ਦੀ ਸਾਨੂੰ ਕਿੰਨੇ ਪ੍ਰਤੀਸ਼ਤ ਉਮੀਦ ਹੈ, ਤੁਸੀਂ ਇੱਕ ਸਾਲ ਵਿਚ ਕਿੰਨੇ ਪ੍ਰਤੀਸ਼ਤ ਵਧਦੇ ਹੋ ਅਤੇ ਪਿਛਲੇ 5 ਸਾਲਾਂ ਵਿਚ ਕਿੰਨੇ ਪ੍ਰਤੀਸ਼ਤ ਵਧੇ ਹੋ?
    ਮੁੱਖ ਕਾਰਜਕਾਰੀ ਅਧਿਕਾਰੀ ਹੋਣ ਦੇ ਨਾਤੇ ਤੁਸੀਂ ਕੀ ਸੁਝਾ ਦੇ ਸਕਦੇ ਹੋ ਅਤੇ ਕਿਸ ਕਿਸਮ ਦਾ ਕਾਰੋਬਾਰ ਖਾਸਲਾ ਕ੍ਰੈਡਿਟ ਯੂਨੀਅਨ ਵਿਚ ਵਧ ਰਿਹਾ ਹੈ?
    ਸ: ਬੈਂਸ ਨੇ ਅਮਨਪ੍ਰੀਤ ਨੂੰ ਕਿਹਾ ਕਿ ਪਿਛਲੇ 5 ਸਾਲਾਂ ਦੀ ਪ੍ਰਤੀਸ਼ਤ ਦਾ ਵਾਧਾ ਦਿਖਾਇਆ ਜਾਵੇ।

    ਸ: ਬੈਂਸ ਨੇ ਦੱਸਿਆ ਕਿ ਕਿਸੇ ਸਰਗਰਮ ਮੈਂਬਰ ਨੂੰ ਦੇਖਣ ਦਾ ਇਹ ਤਰੀਕਾ ਹੈ ਕਿ ਉਸ ਦੀ ਪੇ-ਰੋਲ ਸਾਡੇ ਨਾਲ ਹੈ ਅਤੇ ਉਸ ਵਿਚ ਪੈਸਾ ਆਉਂਦਾ ਜਾਂਦਾ ਰਹਿੰਦਾ ਹੈ। ਐਸੇ ਮੈਂਬਰ ਬ੍ਰਾਂਚ ਵਿਚ ਆਉਣ ਤੇ ਉਹ ਮੋਬਾਈਲ ਐਪ ਵਰਤਣਗੇ, ਆਨਲਾਈਨ ਬੈਂਕਿੰਗ ਕਰਨਗੇ ਇਹ ਬੜਾ ਮਹੱਤਵਪੂਰਨ ਹੈ। ਕਰੈਡਿਟ ਕਾਰਡ ਵੀ ਇੱਕ ਮਹੱਤਵਪੂਰਨ ਹਿੱਸਾ ਹੈ। ਸਾਡੀ ਕੋਸ਼ਿਸ਼ ਹੁੰਦੀ ਹੈ ਕਿ ਸਾਡੇ ਕਾਰਡ ਦੀ ਵਰਤੋਂ ਮੈਂਬਰ ਦੀ ਪਹਿਲੀ ਚੋਣ ਹੋਵੇ। ਜੇ ਕੋਈ ਮੈਂਬਰ ਸਾਡੇ ਨਾਲ ਵਪਾਰਕ ਕਾਰੋਬਾਰ ਨਹੀਂ ਕਰਦਾ ਤਾਂ ਉਹ ਸਾਡੀ ਪ੍ਰਾਥਮਿਕਤਾ ਨਹੀਂ। ਸਾਡੀਆਂ ਵੀ ਕੁੱਝ ਪਾਬੰਦੀਆਂ ਹਨ। ਅਸੀਂ ਉਸ ਮੈਂਬਰ ਨਾਲ ਹੋਰ ਵਧੇਰੇ ਕਾਰੋਬਾਰ ਕਰਨਾ ਚਾਹਾਂਗੇ ਜਿਸ ਨਾਲ ਪਹਿਲਾਂ ਹੀ ਸਾਡਾ ਕਾਰੋਬਾਰ ਚਲ ਰਿਹਾ ਹੈ। ਸਾਡੇ ਕੋਲ ਪੈਸਾ ਹੈ। ਵਪਾਰਕ ਪੱਖ ਤੋਂ ਕੈਪ/ਸੀਮਾਂ ਇੱਕ ਮੁੱਦਾ ਹੈ। ਜਮ੍ਹਾਂ ਖਾਤੇ ਸਾਡੀ ਜਿੰਦ ਜਾਨ ਹਨ। ਅਸੀਂ ਕੈਸ਼ਯੋਗ ਜਮ੍ਹਾਂ ਖਾਤੇ ਨਾਲ ਵਪਾਰ ਨਹੀਂ ਕਰ ਸਕਦੇ, ਲੰਮੇਂ ਸਮੇਂ ਦੇ ਜਮ੍ਹਾਂ ਖਾਤਿਆਂ ਕਾਰਨ ਅਸੀਂ ਮੈਂਬਰਾਂ ਨੂੰ ਕਰਜ਼ਾ ਦੇ ਸਕਦੇ ਹਾਂ।

11. ਸ: ਨਗੀਨਾ ਸਿੰਘ ਰੰਗੀ – ਮੇਰਾ ਸੁਆਲ ਕ੍ਰੈਡਿਟ ਕਾਰਡ ਦੀ ਬਹੁਤ ਘੱਟ ਸੀਮਾਂ ਬਾਰੇ ਹੈ। ਮੈਂ ਹੋਰ ਵਿੱਤੀ ਸੰਸਥਾਵਾਂ ਕੋਲ ਗਿਆ ਉਨ੍ਹਾਂ ਨੇ ਮੈਨੂੰ $5000 ਦੀ ਸੀਮਾਂ ਦੀ ਪੇਸ਼ਕਸ਼ ਕੀਤੀ।

    ਸ: ਹਰਦੀਪ ਸਿੰਘ ਨੇ ਜੁਆਬ ਦਿੱਤਾ ਕਿ ਬੈਂਕਾਂ ਦੇ ਸਿਸਟਮ ਵੱਖਰੇ ਹਨ ਅਤੇ ਉਨ੍ਹਾਂ ਦੇ ਆਪਣੇ ਕਾਰਡ ਹਨ ਜਿਨ੍ਹਾਂ ਵਿਚ ਉਨ੍ਹਾਂ ਨੇ ਪਹਿਲਾਂ ਤੋਂ ਸੀਮਾਂ ਨਿਰਧਾਰਤ ਕੀਤੀ ਹੁੰਦੀ ਹੈ। ਅਸੀਂ ਤੀਜੀ ਧਿਰ ਦੇ ਕ੍ਰੈਡਿਟ ਕਾਰਡ ਵਰਤਦੇ ਹਾਂ। ਉਹ ਹੀ ਸਭ ਕੁੱਝ ਦੇਖਦੇ ਹਨ। ਸਾਡੀ ਟੀਮ ਉਨ੍ਹਾਂ ਨਾਲ ਸੀਮਾਂ ਵਧਾਉਣ ਬਾਰੇ ਗਲ ਬਾਤ ਕਰ ਸਕਦੀ ਹੈ। ਸਾਡੇ ਵਪਾਰਕ ਕਾਰਡ ਦੀ ਸੀਮਾਂ ਕਾਫ਼ੀ ਉੱਚੀ ਹੈ ਅਤੇ ਅਸੀਂ ਆਪਣੇ ਮੈਂਬਰਾਂ ਨੂੰ $500,000 ਤੱਕ ਸੀਮਾਂ ਦਿੱਤੀ ਹੈ ਅਤੇ ਸਾਡੇ ਮੈਂਬਰ ਉਸ ਸੀਮਾਂ ਦੀ ਵਰਤੋਂ ਕਰ ਰਹੇ ਹਨ।

12. ਸ: ਗੁਰਚਰਨ ਸਿੰਘ ਮਨਿਹਾਸ – ਮੇਰਾ ਸੁਆਲ ਹੈ ਕਿ ਮੈਂ ਪਿਛਲੀ ਸਾਲਾਨਾ ਜਨਰਲ ਮੀਟਿੰਗ ਵਿਚ ਸੁਆਲ ਪੁੱਛਿਆ ਸੀ ਜਿਸਦਾ ਵਾਅਦੇ ਮੁਤਾਬਿਕ ਮੈਨੂੰ ਜੁਆਬ ਨਹੀਂ ਮਿਲਿਆ, ਕਿ ਤੁਸੀਂ ਮੈਨੂੰ ਮਿਲੋਗੇ। ਉਨ੍ਹਾਂ ਪੁਛਿਆ ਕਿ ਕੀ ਖਾਸਲਾ ਕ੍ਰੈਡਿਟ ਯੂਨੀਅਨ ਕੋਲ ਵਪਾਰਕ ਕਰਜ਼ੇ ਲਈ $5 ਮਿਲੀਅਨ ਡਾਲਰ ਹੈਨ।
    ਸ: ਬੈਂਸ ਨੇ ਜੁਆਬ ਦਿੱਤਾ ਕਿ ਮੈਂ ਬ੍ਰਾਂਚ ਨੂੰ ਪਹੁੰਚ ਕੀਤੀ ਸੀ ਅਤੇ ਬ੍ਰਾਂਚ ਨੇ ਮੁੱਖ ਦਫ਼ਤਰ ਨੂੰ ਪਹੁੰਚ ਕੀਤੀ ਸੀ, ਸਾਡੇ ਵਪਾਰਕ ਮੈਨੇਜਰ ਨੇ ਦੱਸਿਆ ਕਿ ਅਸੀਂ ਐਸਾ ਨਹੀਂ ਕਰ ਸਕਦੇ।
    ਸ: ਗੁਰਚਰਨ ਸਿੰਘ ਨੇ ਸ: ਬੈਂਸ ਨੂੰ ਪੁੱਛਿਆ ਕਿ ਤੁਸੀਂ ਵਿਅਕਤੀਗਤ ਰੂਪ ਵਿਚ ਕਿਉਂ ਲਏ ਰਹੇ ਹੋ।

    ਸ਼੍ਰੀ ਮਤੀ ਗੁਰਮਿੰਦਰ ਕੌਰ ਨੇ ਸ: ਮਿਨਹਾਸ ਨੂੰ ਕਿਹਾ ਕਿ ਮੈਂ ਖ਼ੁਦ ਜਵਾਬ ਦੇਵਾਂਗੀ।

13. ਸ: ਜਸਵਿੰਦਰ ਸਿੰਘ ਬਦੇਸ਼ਾ – ਮੈਂ ਕਹਿਣਾ ਚਾਹੁੰਦਾ ਹਾਂ ਕਿ ਮੈਂ ਮੁੱਖ ਕਾਰਜਕਾਰੀ ਅਧਿਕਾਰੀ ਨਾਲ ਸਹਿਮਤ ਨਹੀਂ ਕਿ ਅਸੀਂ ਹੋਰ ਮੈਂਬਰ ਨਹੀਂ ਬਣਾਉਣਾ ਚਾਹੁੰਦੇ, ਜੇ ਤੁਸੀਂ ਨਵੇਂ ਮੈਂਬਰ ਨਹੀਂ ਬਣਾਉਂਦੇ ਅਤੇ ਨਵੇਂ ਪ੍ਰਾਡਕਟ ਪੇਸ਼ ਨਹੀਂ ਕਰਦੇ ਤਾਂ ਤੁਹਾਨੂੰ ਹੋਰ ਕਾਰੋਬਾਰ ਕਿਵੇਂ ਮਿਲੇਗਾ। ਜਦੋਂ ਤੁਸੀਂ ਵਪਾਰ ਕਰਦੇ ਹੋ ਤਾਂ ਸਫ਼ਲਤਾ ਲਈ ਤੁਹਾਨੂੰ ਜ਼ਿਆਦਾ ਮੈਂਬਰਾਂ ਦੀ ਲੋੜ ਹੋਵੇਗੀ।
    ਸ: ਬਦੇਸ਼ਾ ਨੇ ਪੁੱਛਿਆ ਕਿ ਆਰ.ਆਰ.ਐੱਸ.ਪੀ. ਦੇ ਸੀਜ਼ਨ ਦੌਰਾਨ ਤੁਹਾਡੀਆਂ ਆਰ.ਆਰ.ਐੱਸ.ਪੀ. ਦੀਆਂ ਦਰਾਂ ਬਹੁਤ ਵਧੀਆ ਸਨ ਮੈਨੂੰ ਦੱਸੋ ਕਿ ਤੁਸੀਂ ਕਿੱਥੇ ਇਸ਼ਤਿਹਾਰ ਦਿੱਤਾ, ਤੁਸੀਂ ਕਹਿ ਰਹੇ ਹੋ ਕਿ ਮੈਂ ਕੋਚਿੰਗ ਕਰ ਰਿਹਾ ਸੀ, ਕੀ ਤੁਹਾਡੇ ਕੋਲ ਕੋਈ ਡੇਟਾ ਹੈ, ਮੈਨੂੰ ਜਵਾਬ ਦਿਓ।

ਸ਼੍ਰੀਮਤੀ ਗੁਰਮਿੰਦਰ ਕੌਰ ਨੇ ਜਵਾਬ ਦਿੱਤਾ ਕਿ ਮੁੱਖ ਕਾਰਜਕਾਰੀ ਅਧਿਕਾਰੀ ਨੇ ਆਪਣੀ ਰਿਪੋਰਟ ਵਿਚ ਕਿਹਾ ਹੈ ਕਿ ਉਹ ਇਸ਼ਤਿਹਾਰਾਂ ਲਈ ਚੰਗਾ ਕੰਮ ਕਰ ਰਹੇ ਹਨ ਜੋ ਨੋਟ ਕੀਤਾ ਗਿਆ ਹੈ ਅਤੇ ਵਧੀਆ ਇਸ਼ਤਿਹਾਰਬਾਜ਼ੀ ਕਰਨ ਦੀ ਲੋੜ ਹੈ। ਮੈਂ ਸ: ਬਦੇਸ਼ਾ ਦੀ ਮੈਂਬਰਸ਼ਿਪ ਨਾ ਵਧਉਣ ਨਾਲ ਅਸਹਿਮਤੀ ਦੀ ਟਿੱਪਣੀ ਲਈ ਧੰਨਵਾਦ ਕਰਦੀ ਹਾਂ।

14. ਸ: ਮਨਜੀਤ ਸਿੰਘ ਮਿਨਹਾਸ – ਤੁਸੀਂ ਰਿਪੋਰਟ ਵਿਚ ਕਿਹਾ ਕਿ ਤੁਹਾਡੇ ਕੋਲ 71 ਕਰਮਚਾਰੀ ਹਨ। ਚੋਣਾਂ ਤੋਂ 2 ਹਫ਼ਤੇ ਪਹਿਲਾਂ ਅਸੀਂ ਆਪਣੇ ਸਵੈ-ਸੇਵਕ ਨਿਊਟਨ, ਸਕਾਟ ਰੋਡ ਅਤੇ ਲਿਟਲ ਇੰਡੀਆ ਬ੍ਰਾਂਚਾਂ ਵਿਚ ਭੇਜੇ, ਔਸਤਨ ਹਰ ਬ੍ਰਾਂਚ ਵਿਚ 52 ਮੈਂਬਰ ਹਾਜ਼ਰ ਹੁੰਦੇ ਦੇਖੇ ਗਏ ਹਨ, ਹੁਣ ਤੁਸੀਂ ਦੇਖ ਲਵੋ ਕਿ ਹਰ ਇੱਕ ਸਟਾਫ਼ ਦੇ ਹਿੱਸੇ ਕਿੰਨੇ ਮੈਂਬਰ ਆਉਂਦੇ ਹਨ। ਉਨ੍ਹਾਂ ਕਿਹਾ ਕਿ ਮੈਂ ਐਬਟਸਫ਼ੋਰਡ ਬ੍ਰਾਂਚ ਵਿਚ ਆਪਣੇ ਵਪਾਰਕ ਖਾਤੇ ਲਈ ਚੋਣਾਂ ਤੋਂ ਇੱਕ ਦਿਨ ਪਹਿਲਾਂ ਗਿਆ ਅਤੇ ਮੈਨੂੰ ਡੇਢ ਘੰਟਾ ਇੰਤਜ਼ਾਰ ਕਰਨੀ ਪਈ। ਮੈਨੇਜਰ ਅਤੇ ਸੀਨੀਅਰ ਸਲਾਹਕਾਰ ਖਾਤੇ ਖੋਲ੍ਹ ਰਹੇ ਸਨ, ਦੂਜਾ ਸਟਾਫ਼ ਖਾਤੇ ਕਿਉਂ ਨਹੀਂ ਖੋਲ੍ਹ ਸਕਦਾ, ਸਾਨੂੰ ਦੋ ਜਣਿਆਂ ਨੂੰ ਡੇਢ ਘੰਟਾ ਇੰਤਜ਼ਾਰ ਕਰਨੀ ਪਈ। ਸਾਨੂੰ ਔਸਤਨ ਸਮੇਂ ਦੀ ਬਰਬਾਦੀ ਦੇਖਣੀ ਚਾਹੀਦੀ ਹੈ ਅਤੇ ਤੁਸੀਂ ਔਸਤ ਕੱਢਣ ਵਿਚ ਕਾਫ਼ੀ ਮਾਹਰ ਹੋ।

ਸ਼੍ਰੀਮਤੀ ਗੁਰਮਿੰਦਰ ਕੌਰ ਨੇ ਦੱਸਿਆ ਕਿ ਸਾਡੇ ਮੁੱਖ ਕਾਰਜਕਾਰੀ ਅਧਿਕਾਰੀ ਨੇ ਦੱਸਿਆ ਹੈ ਕਿ ਅਸੀਂ ਬਹੁਤ ਜ਼ਿਆਦਾ ਲੈਣ ਦੇਣ ਆਨਲਾਈਨ ਰਾਹੀਂ ਕਰ ਰਹੇ ਹਾਂ। ਸੰਪਤੀ ਦੇ ਵਧਣ ਨਾਲ ਕਾਰੋਬਾਰ ਵਿਚ ਵੀ ਵਾਧਾ ਹੁੰਦਾ ਹੈ।

15. ਸ: ਬਲਬੀਰ ਸਿੰਘ ਨਿੱਜਰ – ਮੈਂ ਸੰਸਥਾਪਕ ਮੈਂਬਰ ਹਾਂ। ਜਦੋਂ ਅਸੀਂ ਕ੍ਰੈਡਿਟ ਯੁਨੀਅਨ ਸ਼ੁਰੂ ਕੀਤੀ ਸੀ ਤਾਂ ਸ਼ੁਰੂ ਵਿਚ ਜੇ ਕਿਸੇ ਵਿਅਕਤੀ ਨੂੰ ਆਪਣੇ ਖਾਤੇ ਵਿਚੋਂ ਜੇ ਨਕਦ $500 ਵੀ ਕਢਵਾਉਣੇ ਹੁੰਦੇ ਸਨ ਤਾਂ ਇੱਕ ਦਿਨ ਦਾ ਨੋਟਿਸ ਦੇਣਾ ਪੈਂਦਾ ਸੀ ਅਤੇ ਅਸੀਂ ਦੇ ਸਕਦੇ ਸੀ। ਮੇਰੇ ਖਿਆਲ ਵਿਚ ਵਾਧਾ ਬਹੁਤ ਅੱਛਾ ਹੈ। ਜਦੋਂ ਅਸੀਂ ਇਸ ਕ੍ਰੈਡਿਟ ਯੂਨੀਅਨ ਲਈ ਅਰਜ਼ੀ ਦਿੱਤੀ ਤਾਂ ਖਾਸਲਾ ਕ੍ਰੈਡਿਟ ਯੂਨੀਅਨ ਦੇ ਨਾਮ ਦਾ ਪਰਮਿਟ ਸਿੱਖ ਧਰਮ ਦੇ ਭਾਈਚਾਰੇ ਦੇ ਅਧਾਰ ਤੇ ਜਾਰੀ ਹੋਇਆ ਸੀ, ਲੋਅਰ ਮੇਨਲੈਂਡ ਜਾਂ ਹਰ ਇੱਕ ਲਈ ਨਹੀਂ। ਉਸ ਵਿਚ ਇੱਕ ਸ਼ਰਤ ਸੀ ਕਿ ਜਦੋਂ ਸੰਪਤੀ ਇੱਕ ਸੀਮਾਂ ਤੇ ਪਹੁੰਚ ਜਾਏ ਤਾਂ ਤੁਸੀਂ ਹੋਰ ਖਾਤੇ ਖੋਲ੍ਹ ਸਕਦੇ ਹੋ। ਇਹ ਛੋਟਾ ਜਿਹਾ ਭਾਈਚਾਰਾ ਸੀ ਜੋ ਇਸ ਪੱਧਰ ਤੇ ਪਹੁੰਚ ਗਿਆ ਹੈ। ਇਸ ਨੂੰ ਬੰਦ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਪਰ ਇਹ ਹਮੇਸ਼ਾ ਚੜ੍ਹਦੀ ਕਲਾ ਵਿਚ ਹੀ ਰਿਹਾ। ਉਸ ਨੇ ਮੈਂਬਰਾਂ ਨੂੰ ਬੇਨਤੀ ਕੀਤੀ ਕਿ ਇਸ ਦੀ ਹੋਰ ਚੜ੍ਹਦੀ ਕਲਾ ਲਈ ਕੰਮ ਕਰਨ ਅਤੇ ਆਪਣੀ ਮੈਂਬਰਸ਼ਿੱਪ ਨੂੰ ਸਰਗਰਮ ਰੱਖਣ। ਸ਼੍ਰੀਮਤੀ ਗੁਰਮਿੰਦਰ ਕੌਰ ਨੇ ਧੰਨਵਾਦ ਕੀਤਾ ਅਤੇ ਟਿੱਪਣੀਆਂ ਲਈ ਵੱਖਰੇ ਤੌਰ ਤੇ ਗਲ ਬਾਤ ਕਰਨ ਲਈ ਕਿਹਾ। ਉਨ੍ਹਾਂ ਨੇ ਆਲੋਚਨਾ ਦੀ ਸ਼ਲਾਘਾ ਕੀਤੀ ਅਤੇ ਬੇਨਤੀ ਕੀਤੀ ਕਿ ਮੁੱਖ ਕਾਰਜਕਾਰੀ ਅਧਿਕਾਰੀ ਦੀ ਰਿਪੋਰਟ ਬਾਰੇ ਸਵਾਲ ਪੁੱਛੇ ਜਾਣ।

16. ਸ: ਕਿਰਪਾਲ ਸਿੰਘ ਬਨਵੈਤ – ਨੇ ਕ੍ਰੈਡਿਟ ਯੂਨੀਅਨ ਨੂੰ ਸਫ਼ਲ ਬਣਾਉਣ ਅਤੇ ਕ੍ਰੈਡਿਟ ਯੂਨੀਅਨ ਵਿਚ ਹੋਰ ਕਾਰੋਬਾਰ ਲਿਆਉਣ ਲਈ ਬੇਨਤੀ ਕੀਤੀ। ਮੇਰਾ ਵਿਅਕਤੀਗਤ ਅਤੇ ਵਪਾਰਕ ਖਾਤਾ ਇੱਥੇ ਹੈ। ਕਿਸੇ ਤਰ੍ਹਾਂ ਵਿਅਕਤੀਗਤ ਖਾਤੇ ਦੀ ਪਿਛਲੇ 3 ਸਾਲਾ ਤੋਂ ਵਰਤੋਂ ਨਹੀਂ ਕੀਤੀ। ਵਪਾਰਕ ਖਾਤੇ ਵਿਚ ਕਾਫ਼ੀ ਪੈਸੇ ਹਨ। ਵਪਾਰਕ ਖਾਤੇ ਵਾਸਤੇ ਕ੍ਰੈਡਿਟ ਕਾਰਡ ਲਈ ਅਰਜ਼ੀ ਦਿੱਤੀ ਹੈ। ਜਿਸ ਸਟਾਫ਼ ਨੇ ਕ੍ਰੈਡਿਟ ਕਾਰਡ ਲਈ ਕਾਰਵਾਈ ਸ਼ੁਰੂ ਕੀਤੀ ਸੀ ਉਸ ਨੇ ਫੋਨ ਕਰਨ ਲਈ ਕਿਹਾ ਸੀ ਪਰ ਉਸ ਦਾ ਕੋਈ ਫ਼ੋਨ ਨਹੀਂ ਆਇਆ। ਇੱਕ ਹਫ਼ਤੇ ਬਾਅਦ ਜਦ ਮੈਂਬਰ ਨੇ ਸਟਾਫ਼ ਨੂੰ ਫੋਨ ਕੀਤਾ ਤਾਂ ਦੱਸਿਆ ਗਿਆ ਕਿ ਕ੍ਰੈਡਿਟ ਕਾਰਡ ਮਨ੍ਹਾਂ ਹੋ ਗਿਆ ਹੈ ਹਾਲਾਂਕਿ ਵਪਾਰਕ ਖਾਤੇ ਵਿਚ ਪਏ ਡਾਲਰਾਂ ਨਾਲੋਂ ਸੀਮਾ 10 ਗੁਣਾ ਘੱਟ ਸੀ। ਮੈਂਬਰ ਨਾਲ 7/8 ਵਾਰ ਇਸ ਤਰ੍ਹਾਂ ਹੋ ਚੁਕਾ ਹੈ। ਉਨ੍ਹਾਂ ਨੇ ਪੁੱਛਿਆ ਕਿ ਕੀ ਤੁਸੀਂ ਸਮਝਦੇ ਹੋ ਕਿ ਮੈਂਬਰ ਆਪਣਾ ਖਾਤਾ ਖਾਸਲਾ ਕ੍ਰੈਡਿਟ ਯੂਨੀਅਨ ਵਿਚ ਰੱਖੇਗਾ ਜਦਕਿ ਹੋਰ ਬੈਂਕ ਸੰਸਥਾ ਵਿਚ ਜਾਣ ਤੋਂ ਬਗੈਰ ਕ੍ਰੈਡਿਟ ਕਾਰਡ ਦੇਣ ਨੂੰ ਤਿਆਰ ਹਨ, ਜਦ ਕਿ ਮੈਂਬਰ ਨਿਜੀ ਤੌਰ ਤੇ ਖਾਸਲਾ ਕ੍ਰੈਡਿਟ ਯੂਨੀਅਨ ਵਿਚ ਆਇਆ ਅਰਜ਼ੀ ਦਿੱਤੀ ਜੋ ਨਾਮਨਜ਼ੂਰ ਹੋ ਗਈ। ਮੈਂਬਰ ਨੇ ਸ਼ਿਕਾਇਤ ਕੀਤੀ ਕਿ ਮੈਂ ਵਪਾਰਕ ਕ੍ਰੈਡਿਟ ਕਾਰਡ ਲਈ ਅਰਜ਼ੀ ਦਿੱਤੀ ਅਤੇ ਮੈਨੂੰ ਵਿਅਕਤੀਗਤ ਕਾਰਡ ਜਾਰੀ ਹੋ ਗਿਆ ਜੋ ਮੈਂ ਕਦੀ ਨਹੀਂ ਵਰਤਿਆ।

ਸ਼੍ਰੀਮਤੀ ਗੁਰਮਿੰਦਰ ਕੌਰ ਨੇ ਮੈਂਬਰ ਦਾ ਨਾਮ ਦੱਸਣ ਲਈ ਕਿਹਾ ਤਾਂਕਿ ਨਿਜੀ ਤੋਰ ਤੇ ਮਸਲੇ ਨੂੰ ਹਲ ਕੀਤਾ ਜਾ ਸਕੇ।

17. ਸ: ਜਸਵੀਰ ਸਿੰਘ ਬਨਵੈਤ – ਮੈਂ ਸੁਆਲ ਪੁੱਛਣਾ ਚਾਹੁੰਦਾ ਹਾਂ, ਪਰ ਇਹ ਸੁਆਲ ਉਨ੍ਹਾਂ ਲੋਕਾਂ ਕੋਲੋਂ ਵੀ ਪੁੱਛਿਆ ਜਾ ਸਕਦਾ ਹੈ ਜੋ ਲੋਕਤੰਤਰੀ ਤਰੀਕੇ ਨਾਲ ਚੁਣੇ ਜਾਂਦੇ ਹਨ। ਹੋਰ ਕਿਹਾ ਕਿ ਨਾਮੀਨੇਟਿੰਗ ਕਮੇਟੀ ਨਿਰਪੱਖ ਹੋਣੀ ਚਾਹੀਦੀ ਹੈ ਅਤੇ ਚੋਣਾ ਨਿਰਪੱਖ ਹੋਣੀਆਂ ਚਾਹੀਦੀਆਂ ਹਨ। ਪਰ ਇਹ ਬੱਜਰ ਗਲਤੀਆਂ ਕਰਦੇ ਹਨ, ਮੈਂ ਇਹ ਸੰਦੇਸ਼ ਦੇਣਾ ਚਾਹੁੰਦਾ ਹਾਂ ਕਿ ਇਹ ਮਾਮਲਾ ਇੱਥੇ ਰੁਕਣ ਵਾਲਾ ਨਹੀਂ ਅਤੇ ਇਹ ਮਾਮਲਾ ਕੋਰਟ/ਕਚਹਿਰੀ ਵਿਚ ਜਾਏਗਾ।

ਬੋਰਡ ਚੇਅਰ ਅਤੇ ਮੁੱਖ ਕਾਰਜਕਾਰੀ ਅਧਿਕਾਰੀ ਦੀ ਰਿਪੋਰਟ ਪ੍ਰਵਾਨ ਕੀਤੀ ਗਈ।

***ਪੇਸ਼ ਕਰਤਾ: ਸ: ਹਰਦੀਪ ਸਿੰਘ ਮਲਿਕ   ਤਾਈਦ: ਸ: ਕਰਨੈਲ ਸਿੰਘ ਰਾਏ   ਪਾਸ ਹੋਈ***

## 9. ਬਾਹਰਲੇ ਐਡੀਟਰਾਂ ਦੀ ਰਿਪੋਰਟ

ਬਾਹਰਲੇ ਐਡੀਟਰਾਂ ਦੀ ਰਿਪੋਰਟ ਬੀ.ਡੀ.ਓ. ਕੈਨੇਡਾ ਐੱਲ.ਐੱਲ.ਪੀ. ਚਾਰਟਡ ਅਕਾਊਂਟੈਂਟ ਦੀ ਮਿਸ ਐਂਜੇਲਾ ਸਪੈਂਸਰ ਨੇ ਪੇਸ਼ ਕੀਤੀ। ਉਸ ਨੇ ਕਿਹਾ ਕਿ ਵਿੱਤੀ ਸਟੇਟਮੈਂਟਾਂ ਨਿਰਪੱਖਤਾ ਨਾਲ ਪੇਸ਼ ਕੀਤੀਆਂ ਗਈਆਂ ਹਨ ਅਤੇ ਅੰਤਰਰਾਸ਼ਟਰੀ ਵਿੱਤੀ ਮਾਪਦੰਡਾਂ ਅਨੁਸਾਰ ਹਨ ਜੋ ਸਾਰੇ ਕੈਨੇਡਾ ਵਿਚ ਸਾਰੀਆਂ ਕ੍ਰੈਡਿਟ ਯੂਨੀਅਨਾਂ ਵੱਲੋਂ ਅਪਣਾਏ ਜਾਣ ਦੀ ਲੋੜ ਹੈ।

2023 ਦੀ ਵਿੱਤੀ ਸਟੇਟਮੈਂਟ ਅਤੇ ਆਡੀਟਰਾਂ ਦੀ ਰਿਪੋਰਟ ਪ੍ਰਾਪਤ ਹੋਈਆਂ।

***ਪੇਸ਼ ਕਰਤਾ: ਸ: ਜਸਕੀਰਤ ਸਿੰਘ ਗਰੇਵਾਲ   ਤਾਈਦ: ਸ: ਅਵਤਾਰ ਸਿੰਘ ਢਿੱਲੋਂ   ਪਾਸ ਹੋਈ***

## 10. ਬਾਹਰਲੇ ਐਡੀਟਰਾਂ ਦੀ ਨਿਯੁਕਤੀ

ਸ਼੍ਰੀਮਤੀ ਗੁਰਮਿੰਦਰ ਕੌਰ ਮਲਿਕ ਨੇ ਬੋਰਡ ਵੱਲੋਂ 2024 ਲਈ ਬਾਹਰਲੇ ਆਡੀਟਰਾਂ ਦੀ ਨਿਯੁਕਤੀ ਲਈ ਹੇਠ ਲਿਖੇ ਪ੍ਰਸਤਾਵ ਦੀ ਸਿਫ਼ਾਰਿਸ਼ ਕੀਤੀ।

**"ਇਹ ਫੈਸਲਾ ਕੀਤਾ ਗਿਆ ਕਿ ਬੀ.ਡੀ.ਓ. ਐੱਲ.ਐੱਲ.ਪੀ. ਚਾਰਟਡ ਪੇਸ਼ਾਵਰ ਅਕਾਊਂਟੈਂਟ ਨੂੰ 2024 ਲਈ ਬਾਹਰਲੇ ਆਡੀਟਰ ਵਜੋਂ ਨਿਯੁਕਤ ਕੀਤਾ ਜਾਏ ਅਤੇ ਬੋਰਡ ਦੇ ਡਾਇਰੈਟਰਾਂ ਨੂੰ ਆਡੀਟਰਾਂ ਦਾ ਮਿਹਨਤਾਨਾ ਨਿਰਧਾਰਤ ਕਰਨ ਲਈ ਅਧਿਕਾਰਤ ਕੀਤਾ ਜਾਏ"।**

**ਪੇਸ਼ ਕੀਤਾ: ਸ: ਜਰਨੈਲ ਸਿੰਘ ਰਾਏ   ਤਾਈਦ: ਸ: ਜਸਕੀਰਤ ਸਿੰਘ ਗਰੇਵਾਲ   ਪਾਸ ਹੋਇਆ**

## 11. ਡਾਇਰੈਕਟਰਾਂ ਦੀ ਚੋਣ ਬਾਰੇ ਰਿਪੋਰਟ

ਸ਼੍ਰੀਮਤੀ ਗੁਰਮਿੰਦਰ ਕੌਰ ਮਲਿਕ ਨੇ ਬੋਰਡ ਅਤੇ ਖਾਸਲਾ ਕ੍ਰੈਡਿਟ ਯੂਨੀਅਨ ਦੀ ਟੀਮ ਵੱਲੋਂ ਖਾਸਲਾ ਕ੍ਰੈਡਿਟ ਯੂਨੀਅਨ ਦੀ 12 ਸਾਲ ਲਈ ਕੀਤੀ ਸੇਵਾ ਵਾਸਤੇ ਸ: ਹਰਿੰਦਰ ਸਿੰਘ ਸੋਹੀ ਅਤੇ ਸ: ਹਰਪਾਲ ਸਿੰਘ ਦਾ ਧੰਨਵਾਦ ਕੀਤਾ। ਦੋਨਾਂ ਨੂੰ ਸਟੇਜ ਤੇ ਬੁਲਾ ਕੇ ਜੈਕਾਰਿਆ ਦੀ ਗੂੰਜ ਵਿਚ ਸਜਾਵਟੀ ਪਲੇਕਾਂ ਪੇਸ਼ ਕੀਤੀਆਂ।
ਉਨ੍ਹਾਂ ਨੇ ਨਵੇਂ ਬਣੇ/ਦੁਬਾਰਾ ਚੁਣੇ ਗਏ ਡਾਇਰੈਕਟਰਾਂ ਦੇ ਨਾਮ ਮੈਂਬਰਾਂ ਨੂੰ ਸੁਣਾਏ ਅਤੇ ਦੱਸਿਆ ਕਿ ਉਹ ਹੇਠ ਲਿਖੇ ਅਨੁਸਾਰ ਚੁਣੇ ਗਏ ਹਨ:-

| | |
|---|---|
| ਸ: ਨਵਨੀਤ ਸਿੰਘ ਅਰੋੜਾ | 6 ਸਾਲ ਦੇ ਸਮੇਂ ਲਈ |
| ਸ:ਜਸਕਰਨ ਸਿੰਗ ਗਿੱਲ | 6 ਸਾਲ ਦੇ ਸਮੇਂ ਲਈ |
| ਸ: ਗੁਰਦੀਪ ਸਿੰਘ | 6 ਸਾਲ ਦੇ ਸਮੇਂ ਲਈ |
| ਸ: ਮਨਮੋਹਨ ਸਿੰਘ ਸਮਰਾ | 2 ਸਾਲ ਦੇ ਸਮੇਂ ਲਈ |
| ਸ: ਗੁਰਦੀਪ ਸਿੰਘ | |

ਉਨ੍ਹਾਂ ਨੇ ਸਾਰਿਆਂ ਨੂੰ ਸਟੇਜ ਤੇ ਬੁਲਾ ਕੇ ਜੈਕਾਰਿਆਂ ਦੀ ਗੂੰਜ ਵਿਚ ਜਾਣ ਪਹਿਚਾਣ ਕਰਵਾਈ।

## 12. ਨਾਮੀਨੇਟਿੰਗ ਕਮੇਟੀ ਦੀ ਚੋਣ

ਸ਼੍ਰੀਮਤੀ ਗੁਰਮਿੰਦਰ ਕੌਰ ਮਲਿਕ ਨੇ ਖਾਸਲਾ ਕ੍ਰੈਡਿਟ ਯੂਨੀਅਨ ਦੇ ਨਿਯਮ 4.26.1 ਮੁਤਾਬਿਕ ਨਾਮੀਨੇਟਿੰਗ ਮੈਂਬਰਾਂ ਲਈ ਯੋਗਤਾ ਪੜ੍ਹ ਕੇ ਸੁਣਾਈ ਅਤੇ ਦੱਸਿਆ ਕਿ ਨਾਮੀਨੇਟਿੰਗ ਕਮੇਟੀ ਦੇ ਮੈਂਬਰਾਂ ਦੀ ਉਹੀ ਯੋਗਤਾ ਹੈ ਜੋ ਡਾਇਰੈਕਟਰਾਂ ਦੀ ਹੈ ਜਿਸ ਵਿਚ ਅੰਮ੍ਰਿਤਧਾਰੀ ਹੋਣਾ, ਰਹਿਤ ਮਰਯਾਦਾ ਦੀ ਪਾਲਣਾ ਕਰਨਾ, FI ਐਕਟ ਦੀ ਜਾਣਕਾਰੀ, ਦਿਵਾਲੀਆ ਨਾ ਹੋਣਾ, ਅਪਰਾਧਕ ਰਿਕਾਰਡ ਨਹੀਂ ਹੋਣਾ ਚਾਹੀਦਾ। ਉਨ੍ਹਾਂ ਨੇ ਨਾਮੀਨੇਟਿੰਗ ਕਮੇਟੀ ਲਈ ਸਭਾ ਵਿਚੋਂ ਨਾਵਾਂ ਦੀ ਮੰਗ ਕੀਤੀ। ਸਭਾ ਵਿਚੋਂ ਹੇਠ ਲਿਖੇ ਨਾਵਾਂ ਦੀ ਸਿਫ਼ਾਰਸ਼ ਹੋਈ:-

ਸ: ਜਰਨੈਲ ਸਿੰਘ ਦਾ ਨਾਮ ਸ: ਅਰਸ਼ਵੀਰ ਸਿੰਘ ਨੇ ਪੇਸ਼ ਕੀਤਾ ਅਤੇ ਸ: ਗੁਰਦਿੱਤ ਸਿੰਘ ਨੇ ਪਰੋੜਤਾ ਕੀਤੀ।
ਸ: ਜਰਨੈਲ ਸਿੰਘ ਨੇ ਨਾਮੀਨੇਸ਼ਨ ਸਵੀਕਾਰ ਕੀਤੀ।

ਸ: ਜਸਵਿੰਦਰ ਸਿੰਘ ਖੈਰਾ ਦਾ ਨਾਮ ਸ: ਬਲਬੀਰ ਸਿੰਘ ਨਿੱਝਰ ਨੇ ਪੇਸ਼ ਕੀਤਾ ਅਤੇ ਰੁਪਿੰਦਰਜੀਤ ਸਿੰਘ ਕਾਹਲੋਂ ਨੇ ਪਰੋੜਤਾ ਕੀਤੀ।
ਸ: ਜਸਵਿੰਦਰ ਸਿੰਘ ਖੈਰਾ ਨੇ ਨਾਮੀਨੇਸ਼ਨ ਸਵੀਕਾਰ ਕੀਤੀ।

ਸ: ਅਮਰਜੀਤ ਸਿੰਘ ਸੰਧੂ ਦਾ ਨਾਮ ਸ: ਹਰਜਿੰਦਰ ਸਿੰਘ ਸੋਹੀ ਨੇ ਪੇਸ਼ ਕੀਤਾ ਅਤੇ ਸ: ਗੁਰਬਚਨ ਸਿੰਘ ਕਾਹਲੋਂ ਨੇ ਪਰੋੜਤਾ ਕੀਤੀ।
ਸ: ਅਮਰਜੀਤ ਸਿੰਘ ਸੰਧੂ ਨੇ ਨਾਮੀਨੇਸ਼ਨ ਸਵੀਕਾਰ ਕੀਤੀ।

ਸ਼੍ਰੀਮਤੀ ਗੁਰਮਿੰਦਰ ਕੌਰ ਨੇ ਸ: ਜਰਨੈਲ ਸਿੰਘ ਰਾਏ ਲਈ ਮੈਂਬਰਾਂ ਨੂੰ ਹੱਥ ਖੜੇ ਕਰਨ ਲਈ ਕਿਹਾ ਅਤੇ ਨਿਰਪੱਖ ਵਿਅਕਤੀ ਮਿਸ ਐਂਜੇਲਾ ਸਪੈਂਸਰ ਨੂੰ ਗਿਣਤੀ ਕਰਨ ਲਈ ਕਿਹਾ।

ਸ਼੍ਰੀਮਤੀ ਗੁਰਮਿੰਦਰ ਕੌਰ ਨੇ ਸ: ਜਸਵਿੰਦਰ ਸਿੰਘ ਖੈਰਾ ਲਈ ਮੈਂਬਰਾਂ ਨੂੰ ਹੱਥ ਖੜੇ ਕਰਨ ਲਈ ਕਿਹਾ ਅਤੇ ਨਿਰਪੱਖ ਵਿਅਕਤੀ ਮਿਸ ਐਂਜੇਲਾ ਸਪੈਂਸਰ ਨੂੰ ਗਿਣਤੀ ਕਰਨ ਲਈ ਕਿਹਾ।

ਸ਼੍ਰੀਮਤੀ ਗੁਰਮਿੰਦਰ ਕੌਰ ਨੇ ਸ: ਅਮਰਜੀਤ ਸਿੰਘ ਸੰਧੂ ਲਈ ਮੈਂਬਰਾਂ ਨੂੰ ਹੱਥ ਖੜੇ ਕਰਨ ਲਈ ਕਿਹਾ ਅਤੇ ਨਿਰਪੱਖ ਵਿਅਕਤੀ ਮਿਸ ਐਂਜੇਲਾ ਸਪੈਂਸਰ ਨੂੰ ਗਿਣਤੀ ਕਰਨ ਲਈ ਕਿਹਾ।

ਹੱਥਾਂ ਦੀ ਗਿਣਤੀ ਦੇ ਅਧਾਰ ਤੇ ਮਿਸ ਐਂਜਲਾ ਸਪੈਂਸਰ ਨੇ ਹੇਠ ਲਿਖੇ ਨਾਵਾਂ ਦੀ ਨਾਮੀਨੇਟਿੰਗ ਕਮੇਟੀ ਲਈ ਘੋਸ਼ਨਾ ਕੀਤੀ।

ਸ: ਜਰਨੈਲ ਸਿੰਘ ਰਾਏ
ਸ: ਜਸਵਿੰਦਰ ਸਿੰਘ ਖੈਰਾ

## 13. ਨਾਮੁਕੱਮਲ ਕਾਰੋਬਾਰ

ਕੁੱਛ ਨਹੀਂ

## 14. ਨਵੇਂ ਕਾਰੋਬਾਰ

a. ਸ: ਕੁਲਵੰਤ ਸਿੰਘ ਸਹੋਤਾ – ਮੇਰਾ ਸਵਾਲ ਹੈ ਕਿ ਸਾਲਾਨਾ ਜਨਰਲ ਮੀਟਿੰਗ ਦਾ ਜੋ ਨੋਟਿਸ ਮੈਂਬਰਾਂ ਨੂੰ ਭੇਜਿਆ ਗਿਆ ਸੀ ਉਸ ਵਿਚ ਮੀਟਿੰਗ ਦੀ ਤਾਰੀਖ਼ ਵਿਚ ਗਲਤੀ ਸੀ ਅਤੇ ਬੇਨਤੀ ਕੀਤੀ ਸੀ ਕਿ ਨੋਟਿਸ ਠੀਕ ਤਾਰੀਖ਼ ਵਾਲਾ ਭੇਜਿਆ ਜਾਏ। ਇਹ ਵੀ ਕਿਹਾ ਕਿ ਸਿਰਫ਼ ਇੱਕੋ ਉਮੀਦਵਾਰ ਦਾ ਸੰਪਰਕ ਨੰਬਰ ਦਿੱਤਾ ਗਿਆ ਸੀ ਇਸ ਲਈ ਬੇਨਤੀ ਕੀਤੀ ਕਿ ਸਾਰੇ ਉਮੀਦਵਾਰਾਂ ਦੇ ਨੰਬਰ ਦਿੱਤੇ ਜਾਣ ਤਾਂਕਿ ਮੈਂਬਰ ਸਾਰਿਆਂ ਉਮੀਦਵਾਰਾਂ ਨੂੰ ਸੰਪਰਕ ਕਰ ਕੇ ਪੁੱਛ ਸੱਕਣ ਕਿ ਉਹ ਕਿਉਂ ਡਾਇਰੈਕਟਰ ਬਣਨਾ ਚਾਹੁੰਦੇ ਹਨ ਅਤੇ ਉਨ੍ਹਾਂ ਦਾ

ਕੀ ਏਜੰਡਾ ਹੈ? ਤਾਂਕਿ ਮੈਂਬਰ ਫੈਸਲਾ ਕਰ ਸਕਣ ਕਿ ਕਿਸ ਨੂੰ ਵੋਟ ਪਾਉਣੀ ਹੈ ਬਜਾਏ ਇਸ ਦੇ ਕਿ ਉਨ੍ਹਾਂ ਬਾਰੇ ਕਮੇਟੀ ਵੱਲੋਂ ਸਿਫ਼ਾਰਸ਼ ਕੀਤੀ ਜਾਏ।

b. ਸ: ਮਨਮੋਹਨ ਸਿੰਘ ਸਮਰਾ – ਚੋਣ ਦੌਰਾਨ ਨਾਮੀਨੇਟਿੰਗ ਕਮੇਟੀ ਦਾ ਇਹ ਫ਼ਰਜ਼ ਹੈ ਕਿ ਉਹ ਨਿਰਪੱਖ ਚੋਣਾਂ ਕਰਵਾਏ, ਪਰ ਐਸਾ ਨਹੀਂ ਹੋਇਆ। ਕੁੱਝ ਨਾਮੀਨੇਟਿੰਗ ਕਮੇਟੀ ਮੈਂਬਰ ਇੱਕ ਪੱਖ ਲਈ ਕੰਮ ਕਰ ਰਹੇ ਸਨ। ਇਹ ਨਹੀਂ ਸੀ ਦੱਸਿਆ ਗਿਆ ਕਿ ਉਹ ਫ਼ੋਨ ਵਰਤ ਸਕਦੇ ਹਨ ਕਿ ਨਹੀਂ। ਉਸ ਨੇ ਉਸ ਦਿਨ ਦੀ ਵੀਡੀਓ ਰਿਕਾਰਡਿੰਗ ਦੀ ਮੰਗ ਕੀਤੀ ਤਾਂ ਕਿ ਅਸੀਂ ਦੱਸ ਸਕੀਏ ਕਿ ਇੱਕ ਨਾਮੀਨੇਟਿੰਗ ਕਮੇਟੀ ਮੈਂਬਰ ਸਿਰਫ਼ ਇੱਕ ਪੱਖ ਦੀ ਸਲੇਟ ਦੀ ਹੀ ਗਲ ਕਰ ਰਿਹਾ ਸੀ। ਉਨ੍ਹਾਂ ਲਈ ਵੀ ਨਿਯਮ ਹੋਣੇ ਚਾਹੀਦੇ ਹਨ।

c. ਸ: ਸਮਰਾ ਦੀ ਭੈਣ – ਮੈਂ ਹਿੰਦੁਸਤਾਨ ਵਿਚ ਕਈ ਵਾਰ ਪ੍ਰਧਾਨ ਅਧਿਕਾਰੀ ਰਹੀ ਹਾਂ ਪਰ ਕੈਨੇਡਾ ਵਿਚ ਇਹ ਮੇਰਾ ਪਹਿਲਾ ਤਜਰਬਾ ਹੈ। ਆਬਜ਼ਰਵਰ ਵੱਲੋਂ ਬੈਲੇਟ ਦੇਣ ਤੋਂ ਬਾਅਦ ਦਸਖ਼ਤ ਲੈਣੇ ਚਾਹੀਦੇ ਹਨ। 2/3 ਘੰਟਿਆਂ ਬਾਅਦ ਨੰਬਰਾਂ ਦਾ ਮੇਲ ਕਰਨਾ ਚਾਹੀਦਾ ਹੈ, ਕਿ ਕਿੰਨੇ ਵੋਟ ਪਏ ਅਤੇ ਕਿੰਨੇ ਖਰਾਬ ਹੋ ਗਏ।

d. ਸ: ਹਰਦੀਪ ਸਿੰਘ ਮਲਿਕ – ਸ: ਸਮਰਾ ਨੂੰ ਵਧਾਈ ਦਿੱਤੀ ਅਤੇ ਬੇਨਤੀ ਕੀਤੀ ਕਿ ਭਾਈਚਾਰੇ ਵਿਚ ਗਲਤਫ਼ਹਿਮੀ ਨਾ ਫ਼ੈਲਾਈ ਜਾਏ ਅਤੇ ਕ੍ਰੈਡਿਟ ਯੂਨੀਅਨ ਨੂੰ ਬੇਨਤੀ ਕੀਤੀ ਕਿ ਗਲਤਫ਼ਹਿਮੀ ਫੈਲਾਉਣ ਵਾਲੇ ਵਿਅਕਤੀ ਵਿਰੁੱਧ ਲੜਿਆ ਜਾਏ ਅਤੇ ਐਸੇ ਵਿਅਕਤੀ ਨੂੰ ਗਲਤਫ਼ਹਿਮੀ ਫੈਲਾਉਣ ਤੋਂ ਰੋਕਿਆ ਜਾਏ।

e. ਸ: ਬਲਦੀਪ ਸਿੰਘ ਹੇਅਰ – ਨਾਮੀਨੇਟਿੰਗ ਕਮੇਟੀ ਦੇ ਸਾਰੇ 5 ਮੈਂਬਰ ਭਾਈਚਾਰੇ ਵਿਚੋਂ ਹੀ ਹੋਣੇ ਚਾਹੀਦੇ ਹਨ, ਕੋਈ ਵੀ ਡਾਇਰੈਕਟਰ ਨਾਮੀਨੇਟਿੰਗ ਕਮੇਟੀ ਦਾ ਮੈਂਬਰ ਨਹੀਂ ਹੋਣਾ ਚਾਹੀਦਾ। ਇਹ ਮਤਾ ਪਾਸ ਕਰਨ ਲਈ ਸਪੈਸ਼ਲ ਮੀਟਿੰਗ ਬੁਲਾਈ ਜਾਏ। ਕਿਸੇ ਵਿਅਕਤੀ ਤੇ ਨਿਜੀ ਹਮਲਾ ਨਹੀਂ ਹੋਣਾ ਚਾਹੀਦਾ। ਅਸੀਂ ਸਾਰੇ ਅੰਮ੍ਰਿਤਧਾਰੀ ਹਾਂ।

f. ਸ: ਜਸਵਿੰਦਰ ਸਿੰਘ ਬਦੇਸ਼ਾ – ਸਾਰੇ ਡਾਇਰੈਕਟਰਾਂ ਦੀ ਅਵਧੀ 6 ਸਾਲ ਹੋਵੇਗੀ ਇਹ ਗਲਤ ਜਾਣਕਾਰੀ ਫੈਲਾਈ ਗਈ। ਇਹ ਕਿਵੇਂ ਫੈਸਲਾ ਕੀਤਾ ਗਿਆ ਕਿ ਸ: ਸਮਰਾ ਦਾ ਸਮਾਂ 2 ਸਾਲ ਹੋਵੇਗਾ। ਇਸ ਲਈ ਕੌਣ ਜ਼ਿੰਮੇਵਾਰ ਹੈ। ਕਿਤਾਬਚੇ ਦੀ ਐਡਿਟਿੰਗ ਕਿਸ ਨੇ ਕੀਤੀ ਉਸ ਵਿਅਕਤੀ ਨੂੰ ਨਤੀਜੇ ਭੁਗਤਣੇ ਚਾਹੀਦੇ ਹਨ।
ਨਾਮੀਨੇਟਿੰਗ ਕਮੇਟੀ ਵਿਚ ਬੋਰਡ ਦੇ 3 ਮੈਂਬਰ ਹੋਣੇ ਠੀਕ ਨਹੀਂ ਇਸ ਨੂੰ ਬਦਲਣਾ ਚਾਹੀਦਾ ਹੈ।

ਸ਼੍ਰੀਮਤੀ ਗੁਰਮਿੰਦਰ ਕੌਰ ਨੇ ਦੱਸਿਆ ਕਿ ਨਿਯਮ ਬਦਲਣ ਦੀ ਇੱਕ ਵਿਧੀ ਹੈ ਅਤੇ ਸ: ਬਦੇਸ਼ਾ ਇਸ ਨਾਲ ਸਹਿਮਤ ਹੋਏ ਅਤੇ ਬੇਨਤੀ ਕੀਤੀ ਕਿ ਭਵਿੱਖ ਵਿਚ ਨਿਯਮ ਬਦਲਣ ਬਾਏ ਸੋਚਿਆ ਜਾਏ।

g. ਅਣਜਾਣ – ਚੋਣ ਦਿਨ ਬਾਰੇ ਚਿੰਤਾ – ਕੁੱਝ ਆਬਜ਼ਰਵਰ ਫ਼ੋਨ ਵਰਤ ਰਹੇ ਸਨ ਅਤੇ ਲੋਕਾਂ ਨਾਲ ਗਲਾਂ ਕਰ ਰਹੇ ਸਨ ਅਤੇ ਕਿਸੇ ਟਕਰਾਅ ਤੋਂ ਬਚਣ ਲਈ ਉਨ੍ਹਾਂ ਲਈ ਨਿਯਮ ਬਣਨੇ ਚਾਹੀਦੇ ਹਨ।

h. ਸ: ਮਨਮੋਹਨ ਸਿੰਘ ਸਮਰਾ – ਮੈਂਬਰਾਂ ਨੂੰ ਘੱਲੇ ਨੋਟਸ ਬਾਰੇ ਟਿੱਪਣੀ ਕੀਤੀ ਇਹ ਕੋਈ ਜ਼ਿਆਦਾ ਫੈਂਸੀ ਜਾਂ ਗਲੌਸੀ ਹੋਣ ਦੀ ਜ਼ਰੂਰਤ ਨਹੀਂ ਅਤੇ ਬਹੁਤ ਛੋਟੇ ਅੱਖਰਾਂ ਦੀ ਵਰਤੋਂ ਕੀਤੀ ਗਈ। ਕਈ ਲੋਕ ਤਾਂ ਇਸ ਨੂੰ ਪੜ੍ਹ ਵੀ ਨਹੀਂ ਸਕੇ। ਉਨ੍ਹਾਂ ਬੇਨਤੀ ਕੀਤੀ ਕਿ ਸਾਦੇ ਕਾਗਜ਼ ਤੇ ਮੋਟੇ ਅੱਖਰਾਂ ਦੀ ਵਰਤੋਂ ਕਾਫ਼ੀ ਹੈ।

i. ਅਣਜਾਣ – ਸ਼ੁਰੂ ਵਿਚ ਸ਼ਭ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਕ੍ਰੈਡਿਟ ਯੂਨੀਅਨ ਖੋਲ੍ਹੀ ਅਤੇ ਹੁਣ ਮੈਂਬਰ ਹਨ। ਇਹ ਸਾਡੇ ਭਾਈਚਾਰੇ ਦੀ ਸੰਸਥਾ ਹੈ। ਨਕਾਰਾਤਮਿਕ ਖਿਆਲਾਂ ਵਾਲੇ ਮੈਂਬਰ ਘਰ ਹੀ ਰਹਿਣ। ਮੈਂ ਪਿੱਛੇ ਬੈਠਾ ਸਭ ਕੁੱਝ ਦੇਖ ਰਿਹਾ ਸੀ ਕਿਉਂਕਿ ਅੱਗੇ ਬੈਠ ਕੇ ਪਤਾ ਹੀ ਨਹੀਂ ਲੱਗਦਾ ਕਿ ਪਿੱਛੇ ਕੀ ਹੋ ਰਿਹਾ ਹੈ। ਕਿਰਪਾ ਕਰ ਕੇ ਸਕਾਰਾਤਮਿਕ ਸਵਾਲ ਠੀਕ ਤਰੀਕੇ ਨਾਲ ਪੁੱਛੋ, ਉਨ੍ਹਾਂ ਨੇ ਨਵੇਂ ਡਾਇਰੈਕਰਾਂ ਨੂੰ ਵਧਾਈ ਦਿੱਤੀ ਅਤੇ ਸਫ਼ਲਤਾ ਲਈ ਕਾਮਨਾ ਕੀਤੀ।

j. ਸ: ਬਲਦੀਪ ਸਿੰਘ ਹੇਅਰ – ਸਾਡੇ ਨੋਟਿਸ ਮੁਤਾਬਿਕ ਕੁੱਝ ਮੈਂਬਰ ਵਰਚੂਅਲ ਮੀਟਿੰਗ ਲਈ ਰਜਿਸਟਰ ਹੋਏ ਸਨ ਪਰ ਸ਼ਾਮਲ ਨਹੀਂ ਹੋ ਸਕੇ। ਕਿਰਪਾ ਕਰ ਕੇ ਇਸ ਦਾ ਕਾਰਨ ਦੱਸੋ।

ਮੁੱਖ ਕਾਰਜਕਾਰੀ ਅਧਿਕਾਰੀ ਨੇ ਦੱਸਿਆ ਕਿ ਵਰਚੂਅਲ ਮੀਟੰਗ ਦੀ ਗਲਤ ਛਪਾਈ ਸੀ।

ਸ਼੍ਰੀਮਤੀ ਗੁਰਮਿੰਦਰ ਕੌਰ ਮਲਿਕ ਨੇ ਮੀਟਿੰਗ ਮੁਲਤਵੀ ਕਰਨ ਲਈ ਮਤਾ ਪੇਸ਼ ਕਰਨ ਲਈ ਬੇਨਤੀ ਕੀਤੀ।

**ਪੇਸ਼ ਕਰਤਾ ਸ: ਜਰਨੈਲ ਸਿੰਘ ਰਾਏ ਤਾਈਦ ਕਰਤਾ ਸ: ਜਸਵਿੰਦਰ ਸਿੰਘ ਖੈਰਾ ਪਾਸ ਹੋਇਆ**

ਮੀਟਿੰਗ 3:28 ਦੁਪਹਿਰੇ ਮੁਲਤਵੀ ਹੋਈ।